
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


## ★ ਸਿੰਘਾਂ ਦੀਆਂ ਬੇ-ਮਿਸਾਲ ਸ਼ਹੀਦੀਆਂ ★

*ਸ਼ਹੀਦਗੰਜ ਲਾਹੌਰ ਵਿਖੇ ਮੀਰ ਮੰਨੂੰ ਵਲੋਂ*
*ਸਿੰਘਾਂ ਨੂੰ ਦਿਤੇ ਜਾ ਰਹੇ ਤਸੀਹਿਆਂ ਦਾ ਖ਼ੂਨੀ ਦ੍ਰਿਸ਼*



ਸਿੰਘ ਮੰਨੂੰ ਨੂੰ ਇਉਂ ਵੰਗਾਰਦੇ ਸਨ :—

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ । ਜਿਉਂ ਜਿਉਂ ਸਾਨੂੰ ਵਢਦਾ ਅਸੀਂ ਦੂਣੇ ਚੌਣੇ ਹੋਏ ।


## ਸਤੰਬਰ ੧੯੭੭


www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਅਨਦੁ ਗਰੀਬੀ ਸਾਧ ਸੰਗਿ | ਸੂਹੀ ਮਹਲਾ ੫ | ੧ |
| ਨਾਮ ਸਿਮਰਨ ਦੀਆਂ ਅਨੇਕਾਂ ਬਰਕਤਾਂ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਅੰਮ੍ਰਿਤਸਰੁ ਸਿਫਤੀ ਦਾ ਘਰੁ [ਕਵਿਤਾ] | ਗਿ: ਗੋਪਾਲ ਸਿੰਘ ਜੀ ਮਿੱਤਰ | ੬ |
| ਮੈ ਨ ਕਰਉ ਇਨ ਕੀ ਪ੍ਰਤੀਤ | ਭਾਈ ਸਾਹਿਬ ਰਣਧੀਰ ਸਿੰਘ ਜੀ | ੭ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੯ |
| ਬਾਣੀ ਬੀਚਾਰੀਐ ਜੀਉ | ਪ੍ਰੋਫੈਸਰ ਗੁਰਮੁਖ ਸਿੰਘ ਜੀ | ੧੩ |
| ਸਾਨੂੰ ਤਨ ਨਾਲੋਂ ਧਰਮ ਪਿਆਰਾ [ਕਵਿਤਾ] | ਭਾਈ ਹਰਭਜਨ ਸਿੰਘ ਜੀ ਭਿੰਡਰ | ੧੪ |
| ਸੰਸਾਰ ਵਿਚ ਕੇਸਾਂ ਬਾਰੇ ਵਿਗਿਆਨਕ ਖੋਜ | ਸ: ਸਰੂਪ ਸਿੰਘ ਜੀ ਅਲਗ | ੧੫ |
| ਮੋਰਚਾ ਗੁਰੂ ਕਾ ਬਾਗ—ਦੋ ਘਟਨਾਵਾਂ | ਪ੍ਰੋਫੈਸਰ ਸਾਹਿਬ ਸਿੰਘ ਜੀ | ੨੦ |
| ਇਕ ਕਰਾਮਾਤੀ ਸਾਧੂ ਨਾਲ ਮੁਲਾਕਾਤ | ਜੇਲ੍ਹ ਚਿਠੀਆਂ ਵਿਚੋਂ | ੨੧ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾ: ਸਾ: ਡਾਕਟਰ ਵੀਰ ਸਿੰਘ ਜੀ | ੨੬ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੨੭ |
| "ਅਉਸਰ ਕਰਹੁ ਹਮਾਰਾ ਪੂਰਾ ਜੀਉ" [ਕਵਿਤਾ] | ਸ: ਦੇਵਾ ਸਿੰਘ ਜੀ ਕਿਰਤੀ | ੨੮ |
| ਮਾਸਾਹਾਰੀ ਤੇ ਸਾਕਾਹਾਰੀ ਸਰੀਰਾਂ ਦੀ ਬਣਤਰ ਵਿਚ ਫ਼ਰਕ | ਜੇ. ਪੀ. ਸੰਗਤ ਸਿੰਘ ਜੀ | ੨੯ |
| ਮੀਰ ਮੰਨੂੰ ਦੇ ਸਮੇਂ ਦੇ ਸ਼ਹੀਦ | ਗਿਆਨੀ ਭਜਨ ਸਿੰਘ ਜੀ | ੩੨ |
| ਦਾਮਨ ਵਫ਼ਾ ਦਾ ਛਡ ਕੇ ਕਾਹਨੂੰ ਖ਼ੁਆਰ ਹੋਵੇਂ ? | ਸ. ਉਜਾਗਰ ਸਿੰਘ ਜੀ ਉਲਫ਼ਤ | ੩੪ |
| ਗੁਰਬਾਣੀ ਦੀ, ਗੰਦੀ ਚਿਤਰਕਾਰੀ ਦੁਆਰਾ ਵਰਤੋਂ | ਸੂਰਾ ਪਰਵਾਰ | ੩੬ |
| ਕੌਮ ਦੇ ਮੁਹਾਣਿਓ ! ਜਾਗੋ !!! | ,, ,, | ੩੭ |
| ਅਖੰਡ ਕੀਰਤਨੀ ਜੱਥਾ ਪੰਥ ਤੋਂ ਵਖਰੀ ਸੰਪਰਦਾ ਨਹੀਂ | ਬਾਊ ਮਲ ਸਿੰਘ ਜੀ | ੩੮ |
| ਪਾਵਨ ਬੀੜਾਂ ਦੀ ਛਪਾਈ ਦਾ ਹੱਕ ਕੇਵਲ ਪੰਥ ਨੂੰ | ਕੇਂਦਰੀ ਸਿੰਘ ਸਭਾ ਵਲੋਂ ਅਪੀਲ | ੩੯ |


## ਸਤੰਬਰ *1977* ਵਿਚ ਗੁਰਪੁਰਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ — ੧੪ ਸਤੰਬਰ

| | | | |
|---|---|---|---|
| ਪਾਤਸ਼ਾਹੀ ੫ ਗੁਰਿਆਈ ਮਿਲੀ | ੧੫ ਸਤੰਬਰ | ਪਾਤਸ਼ਾਹੀ ੪ ਜੋਤੀ ਜੋਤਿ ਸਮਾਏ | ੧੬ ਸਤੰਬਰ |
| ਪਾਤਸ਼ਾਹੀ ੪ ਗੁਰਿਆਈ ਮਿਲੀ | ੨੫ ਸਤੰਬਰ | ਪਾਤਸ਼ਾਹੀ ੩ ਜੋਤੀ ਜੋਤਿ ਸਮਾਏ | ੨੭ ਸਤੰਬਰ |

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੯.੭੭ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ੮-੦੦
ਇਕ ਪਰਚਾ ੦-੭੫
ਪਰਦੇਸ
ਸਮੁੰਦਰੀ ਡਾਕ ੧੮-੫੦
ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ., ਅਫ਼ਰੀਕਾ ੪੫-੦੦
ਕੈਨੇਡਾ, ਅਮਰੀਕਾ ੫੫-੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਜਿਲਦ ੧੧ ਸਤੰਬਰ ੧੯੭੭ ਅੰਕ ੯


## ਅਨਦੁ ਗਰੀਬੀ ਸਾਧ ਸੰਗਿ

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥

ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥

ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥

ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

[ਸੂਹੀ ਮ: ੫ ਘਰੁ ੪, ਪੰਨਾ ੭੪੫


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :—

ਮੈਨੇਜਰ 'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਨਾਮ ਸਿਮਰਨ ਦੀਆਂ ਅਨੇਕਾਂ ਬਰਕਤਾਂ

[ ਵਲੋਂ— ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥

[ਮਾਝ ਮਹਲਾ ੪, ਪੰਨਾ ੧੨੯

ਨਾਮੀ ਅਕਾਲ ਪੁਰਖ ਨਿਰੰਕਾਰ ਦਾ ਨਾਮ ਭੀ ਨਿਰੰਕਾਰੀ ਹੈ। ਇਹ ਨਿਰੰਕਾਜੀ ਨਾਮ ਹੀ ਗੁਰਮਤਿ ਨਾਮ ਹੈ, ਜੋ ਨਿਰੰਕਾਰ ਅਕਾਲ ਪੁਰਖ ਦੀ ਧੁਰ ਦਰਗਾਹ ਤੋਂ ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਸੰਸਾਰੀ ਅਤੇ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਲਿਆਂਦਾ। ਰੂਪ ਰੇਖ ਆਕਾਰ ਤੋਂ ਨਿਆਰੇ ਨਿਰੰਕਾਰ ਕਰਤਾਰ ਨੂੰ (ਇਸ) ਨਿਰੰਕਾਰੀ ਨਾਮ ਦਾ ਧਿਆਵਨਹਾਰ ਗੁਰਮੁਖਿ ਬਿਬੇਕੀ ਜਨ, ਘਟ ਘਟ ਅੰਦਰ ਵਿਆਪਕ ਵੇਖ ਲੈਂਦਾ ਹੈ, ਅਰਥਾਤ ਪਰਤੱਖ ਕਰ ਲੈਂਦਾ ਹੈ, ਅਥਵਾ ਲਖ ਲੈਂਦਾ (realize ਕਰ ਲੈਂਦਾ) ਹੈ, ਪ੍ਰੰਤੂ ਇਸ ਬਿਧਿ ਅਲਖੁ (ਨਾ ਲਖੇ ਜਾਣ ਜੋਗ) ਨਿਰੰਜਨ ਨਿਰੰਕਾਰ ਪ੍ਰਮਾਤਮਾ ਨੂੰ ਲਖਣਾ (ਸਾਂਗੋ ਪਾਂਗ ਪੇਖਣਾ) ਕੇਵਲ ਗੁਰੂ ਦੁਆਰਾ ਹੀ ਸੰਭਵ ਹੈ। ਪਰ ਹੈ ਨਿਰੰਕਾਰੀ ਨਾਮ ਦੀ ਕਮਾਈ ਕਰਕੇ, ਜੋ ਕੇਵਲ ਗੁਰੂ ਦੁਆਰਾ ਹੀ ਗੁਰਮਤਿ ਬਿਧੀ ਅਨੁਸਾਰ ਮਿਲਦਾ ਹੈ।

ੴ ਸਤਿ ਗੁਰ ਪ੍ਰਸਾਦਿ ॥

ਰਾਮ ਨਾਮ ਕਉ ਨਮਸਕਾਰ ॥ ਜਾਸੁ ਜਪਤ ਹੋਵਤ ਉਧਾਰ ॥੧॥ ਰਹਾਉ ॥
ਜਾ ਕੈ ਸਿਮਰਨਿ ਮਿਟਹਿ ਧੰਧ ॥ ਜਾ ਕੇ ਸਿਮਰਨਿ ਛੂਟਹਿ ਬੰਧ ॥
ਜਾ ਕੈ ਸਿਮਰਨਿ ਮੂਰਖ ਚਤੁਰ ॥ ਜਾ ਕੈ ਸਿਮਰਨਿ ਕੁਲਹ ਉਧਰ ॥੧॥
ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥
ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀ ਸੰਤਾਪ ॥੨॥
ਜਾ ਕੈ ਸਿਮਰਨਿ ਰਿਦ ਬਿਗਾਸ ॥ ਜਾ ਕੈ ਸਿਮਰਨਿ ਕਵਲਾ ਦਾਸ ॥
ਜਾ ਕੈ ਸਿਮਰਨਿ ਨਿਧ ਨਿਧਾਨ ॥ ਜਾ ਕੈ ਸਿਮਰਨਿ ਤਰੇ ਨਿਦਾਨ ॥੩॥
ਪਤਿਤ ਪਾਵਨੁ ਨਾਮੁ ਹਰੀ ॥ ਕੋਟਿ ਭਗਤ ਉਧਾਰੁ ਕਰੀ ॥
ਹਰਿ ਦਾਸ ਦਾਸਾ ਦੀਨੁ ਸਰਨ ॥ ਨਾਨਕ ਮਾਥਾ ਸੰਤ ਚਰਨ ॥੪॥੨॥

[ਮਾਲੀ ਗਉੜਾ ਮ: ੫, ਪੰਨਾ ੯੮੬

ਇਸ ਗੁਰ-ਪ੍ਰਮਾਣ ਅੰਦਰ ਨਾਮ ਸਿਮਰਨ ਰੂਪੀ ਬਿਬੇਕ ਦੀ ਅਨਿਕ ਪ੍ਰਕਾਰੀ ਫਲ-ਪਰਾਪਤੀ-ਮਹਿਮਾ ਵਰਣਨ ਹੈ। ਯਥਾ :—

(ੳ) ਨਾਮ ਦੇ ਸਿਮਰਨ ਕਰਕੇ ਨਾਮ-ਅਭਿਆਸੀ ਬਿਬੇਕੀ ਜਨ ਦਾ ਸੁਤੇ ਉਧਾਰ ਹੁੰਦਾ ਹੈ।
(ਅ) ਨਾਮ ਸਿਮਰਨ ਕਰਨ ਕਰਿ, ਮਾਇਆ ਦੇ ਸਭ ਧੰਧ ਬੰਧ ਮਿਟ ਛੁਟ ਜਾਂਦੇ ਹਨ।
(ੲ) ਨਾਮ ਦੇ ਸਿਮਰਨ ਕਰਕੇ ਮੂਰਖ ਮਤਿ ਵਾਲੇ ਭੀ ਚਤਰ ਬਿਬੇਕੀ ਬਣ ਜਾਂਦੇ ਹਨ।
(ਸ) ਨਾਮ ਦੇ ਸਿਮਰਨ ਕਰਕੇ ਨਾਮ ਸਿਮਰਨਹਾਰੇ ਭਗਤ ਬਿਬੇਕੀ ਜਨ ਦੀਆਂ ਕੁਲਾਂ ਦਾ ਭੀ ਉਧਾਰ ਹੋ ਜਾਂਦਾ ਹੈ।
(ਹ) ਨਾਮ ਦੇ ਸਿਮਰਨ ਕਰਕੇ ਭਉ ਦੁਖ ਦੂਰ ਹੋ ਕੇ, ਨਿਰਦੋਖ ਨਿਰਭੈ ਪਦ ਪ੍ਰਾਪਤ ਹੁੰਦਾ ਹੈ।



www.AKJ.Org

(ਕ) ਨਾਮ ਦੇ ਸਿਮਰਨ ਕਰਕੇ ਬਿਪਤਾ ਕਾਲ ਦੀ ਅਪਦਾ (ਮੁਸੀਬਤ) ਭੀ ਟਲ ਜਾਂਦੀ ਹੈ।
(ਖ) ਨਾਮ ਦੇ ਸਿਮਰਨ ਕਰਕੇ ਸਭ ਪਾਪ ਕੱਟੇ ਜਾਂਦੇ ਹਨ।
(ਗ) ਨਾਮ ਦੇ ਸਿਮਰਨ ਕਰਿ, ਕੋਈ ਸੰਤਾਪ (ਆਧਿ, ਬਿਆਧਿ, ਉਪਾਧਿ ਦਾ) ਨਹੀਂ ਲਗਦਾ।
(ਘ) ਨਾਮ ਦੇ ਸਿਮਰਨ ਕਰਕੇ ਹਿਰਦਾ-ਕੰਵਲ ਵਿਗਸ ਕੇ ਖਿੜ ਜਾਂਦਾ ਹੈ।
(ਙ) ਨਾਮ ਦੇ ਸਿਮਰਨ ਕਰਕੇ ਕੋਲਾਂ (ਮਾਇਆ, ਲਛਮੀ) ਭੀ ਦਾਸੀ ਬਣ ਜਾਂਦੀ ਹੈ।
(ਚ) ਨਾਮ ਦੇ ਸਿਮਰਨ ਕਰਕੇ ਨਾਮ ਦਾ ਸਿਮਰਨਹਾਰਾ ਬਿਬੇਕੀ ਜਨ ਸਰਬ ਨਿਧੀਆਂ ਦਾ ਨਿਧਾਨ (ਖ਼ਜ਼ਾਨਾ) ਬਣ ਜਾਂਦਾ ਹੈ।
(ਛ) ਨਾਮ ਦੇ ਸਿਮਰਨ ਕਰਕੇ ਓੜਕ ਨਿਸਤਾਰਾ (ਕਲਿਆਣ) ਹੋ ਜਾਂਦਾ ਹੈ।
(ਜ) ਪਤਿਤਾਂ ਦੇ ਪਵਿਤ ਕਰਨਹਾਰਾ ਇਹ ਹਰੀ ਕਾ ਨਿਰੰਕਾਰੀ ਨਾਮ ਹੈ।
(ਝ) ਕੋਟਾਨ ਕੋਟ ਭਗਤਾਂ ਦਾ ਉਧਾਰ ਕੀਤਾ ਹੈ ਇਸ ਗੁਰਮਤਿ ਨਿਰੰਕਾਰੀ ਨਾਮ ਨੇ। ਤਾਂਤੇ ਐਸੇ ਨਿਰੰਕਾਰੀ ਰਾਮ ਨਾਮ ਕੋ ਹਮਾਰੀ ਨਮਸਕਾਰ ਹੈ। ਅਤੇ ਐਸੇ ਨਿਰੰਕਾਰੀ ਨਾਮ ਦੇ ਸਿਮਰਨ-ਹਾਰੇ, ਅਰਥਾਤ ਨਾਮ ਸਿਮਰਨ ਦੀ ਕਮਾਈ ਕਰਨਹਾਰੇ ਬਿਬੇਕੀ ਜਨ ਕਉ ਹਮਾਰੀ ਬਾਰੰਬਾਰ ਜੋਹਾਰ ਹੈ।

ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ॥
ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ॥੧॥ ਰਹਾਉ॥

[ਸਿਰੀ ਰਾਗੁ ਮ: ੩, ਪੰਨਾ ੩੭

ਏਥੇ ਹੁਕਮ ਰਜਾਈ ਚਲਣ ਦਾ ਗੁਰ-ਉਪਦੇਸ਼ ਹੈ। ਅਤੇ ਗੁਰੂ ਕੇ ਹੁਕਮ ਰੂਪੀ ਰਜਾਇ ਮੰਨ ਲੈਣ ਦਾ ਫਲ ਇਹ ਦਸਿਆ ਹੈ ਕਿ ਨਾਮ ਦਾ ਨਿਵਾਸ ਹਿਰਦੇ ਅੰਦਰ ਆਣ ਹੁੰਦਾ ਹੈ ਅਤੇ ਨਾਮ ਅੰਦਰ ਵਸਣ ਕਰਕੇ ਮਨ ਤਨ ਸਭ ਸੀਤਲ ਹੋ ਜਾਂਦਾ ਹੈ। ਇਹ ਗੁਰਮਤਿ ਸਿਫ਼ਤਿ-ਸਾਲਾਹ ਰੂਪੀ ਹੁਕਮ ਰਜਾਈ ਚਲਣ ਵਾਲੇ ਸਾਰ ਬਿਬੇਕੀ ਦੀ ਪ੍ਰਗਟ ਫਲ-ਕਮਾਈ ਹੈ।

ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ॥੪॥੩੩॥੩੧॥੬੪॥

[ਸਿਰੀ ਰਾਗੁ ਮ: ੩, ਪੰਨਾ ੩੯

ਗੁਰਬਾਣੀ ਰੂਪੀ ਸਚੇ ਗੁਣ ਗਾਵਣ ਨਾਲ ਮਨ ਭੀ ਰਤਿਆ ਜਾਂਦਾ ਹੈ, ਜਿਹਬਾ ਭੀ ਰਤੀ ਜਾਂਦੀ ਹੈ ਅਦੇ ਗੁਰਮਤਿ ਨਾਮ ਅਭਿਆਸ ਦਾ ਪਰਵਾਹ ਆ-ਮੁਹਾਰਾ ਚਲ ਪੈਂਦਾ ਹੈ। ਅਤੇ ਜੇਕਰ ਗੁਰਮਤਿ ਨਾਮ ਦਾ ਸੁਆਸ ਸੁਆਸ ਅਭਿਆਸ ਸਦਾ ਹੀ ਬਣਿਆ ਰਹੇ ਤੇ ਕਦੇ ਭੀ ਨਾ ਵਿਸਰੇ ਤਾਂ ਸਤਿ ਪੁਰਖ ਅਕਾਲ ਵਿਖੇ ਸਮਾਵਣਾ ਹੋ ਜਾਂਦਾ ਹੈ। ਸੋ ਹਰਿ ਕੀਰਤਨ ਮਈ ਸਚੀ ਸਿਫਤਿ ਸਾਲਾਹ ਰੂਪੀ ਗੁਰਮਤਿ ਬਿਬੇਕ ਦੀ ਕਮਾਈ ਦਾ ਪਰਤਖ ਪਾਰਸ-ਭੂਤੀ-ਫਲ ਗੂੜ੍ਹੇ ਆਤਮ ਰੰਗਾਂ ਵਿਚ ਰਤੇ ਜਾਣਾ ਅਤੇ ਨਾਮ ਤੇ ਨਾਮੀ ਦੇ ਸਚ ਸਰੂਪ ਵਿਖੇ ਸਮਾਵਣਾ ਹੈ।

ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ॥...੨॥ (੪॥੧੯॥੩੯)

[ਸਿਰੀ ਰਾਗੁ ਮ: ੫, ਪੰਨਾ ੪੮

ਏਥੇ ਗੋਬਿੰਦ ਗੁਣ ਗਾਵਣ, ਭਾਵ ਗੁਰਬਾਣੀ ਦੇ ਕੀਰਤਨ ਦਾ ਨਿਤਾਪ੍ਰਤੀ ਨਿਜਮ ਉਪਦੇਸਿਆ ਦ੍ਰਿੜ੍ਹਾਇਆ ਹੈ। ਜੋ ਇਸ ਹੁਕਮ ਨੂੰ ਕਮਾਉਂਦੇ ਹਨ ਅਤੇ ਨਿਤਾਪ੍ਰਤਿ ਗੁਰਬਾਣੀ ਦੇ ਕੀਰਤਨ ਦਾ ਨੇਮ-ਪ੍ਰੇਮ ਨਿਭਾਉਂਦੇ ਹਨ ਤਾਂ ਇਸ ਨਿਜਮੀ ਪ੍ਰੇਮ-ਕਮਾਈ ਦੇ ਬਿਬੇਕ ਧਾਰਨ ਨਾਲ। ਅਤੇ ਗੁਰਬਾਣੀ ਦੀ ਕੀਰਤਨ ਰੂਪੀ ਪਾਰਸ-ਕਲਾ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੇ ਸਭ ਔਗੁਣ ਕਟੇ ਜਾਂਦੇ ਹਨ। ਗੱਲ ਕੀ, ਗੁਰਮਤਿ-ਗੁਣ



www.AKJ.Org

ਗੋਬਿੰਦ ਦਾ ਗਾਵਣਾ ਹੀ ਅਵਗਣ ਕੱਟਣਹਾਰ ਹੈ। ਸੋ ਐਸੇ ਹਰਿ ਕੀਰਤਨ ਰੂਪੀ ਨਿਜਮ ਨੂੰ ਪਾਲਣਾ ਗੁਰਮਤਿ ਅੰਦਰਿ ਇਕ ਨਿਰੋਤਮ ਬਿਬਕ ਹੈ, ਜਿਸ ਦਾ ਧਾਰਨ ਕਰਨਾ ਸਿਖ ਮਾਤਰ ਲਈ ਅਤਿ ਜ਼ਰੂਰੀ ਹੈ। ਅਤੇ ਜਿਸ ਬਿਬੇਕੀ ਜਨ ਨੇ ਇਸ ਗੁਰਮਤਿ ਬਿਬੇਕ ਨੂੰ ਧਾਰਿਆ ਹੈ, ਉਸ ਦੇ ਸਭ ਅਵਗੁਣ ਮਾਨੋ ਇਕ ਪਾਰਸ-ਸ਼ਕਤੀ ਵਾਲੀ ਚੁੰਭਕ-ਕਲਾ ਦੁਆਰਾ ਕੱਟੇ ਗਏ ਹਨ। ਚੁੰਚ ਗਿਆਨੀਆਂ ਅਤੇ ਸੁਸ਼ਕ ਬਿਬੇਕੀਆਂ ਦੀ ਸ਼ਰਧਾ-ਭਾਵਨੀ ਇਸ ਗੁਰਮਤਿ ਸਾਰ ਬਿਬੇਕ ਉਪਰ ਆਉਂਦੀ ਹੀ ਨਹੀਂ। ਤਾਹੀਂ ਤੇ ਉਹ ਇਸ ਨੂੰ ਧਾਰਨ ਨਹੀਂ ਕਰਦੇ। ਕਿਉਂਕਿ ਉਹ ਹਰਿ ਕੀਰਤਨ ਦੀ ਪਾਰਸ-ਕਲਾ ਦੇ ਕਾਇਲ ਹੀ ਨਹੀਂ। ਜਿਸ ਦਾ ਸਾਫ਼ ਇਹ ਮਤਲਬ ਹੈ ਕਿ ਉਹ ਗੁਰਬਾਣੀ ਅੰਦਰ ਉਪਦੇਸ਼ੇ ਅਤੇ ਦ੍ਰਿੜ੍ਹਾਏ ਹੋਏ ਇਸ ਗੁਰਮਤਿ ਹੁਕਮ ਦੀ ਪ੍ਰਵਾਹ ਹੀ ਨਹੀਂ ਕਰਦੇ, ਸਗੋਂ ਉਲਟੇ ਗੁਰਬਾਣੀ ਗਾਵਣਹਾਰੇ ਪ੍ਰੇਮੀ ਅਤੇ ਸ਼ਰਧਾਲੂ ਉਤਮ ਬਿਬੇਕੀ ਜਨਾਂ ਨੂੰ ਮਖ਼ੌਲ ਕਰਦੇ ਹੋਏ, ਪਾਗਲ ਕਹਿ ਕੇ ਪੁਕਾਰਨ ਦੀ ਹੂੜ੍ਹ ਮਤਿ ਕਰਦੇ ਹਨ। ਓਹਨਾਂ ਦਾ ਕਸੂਰ ਭੀ ਕੀ ਹੈ! ਓਹਨਾਂ ਦੀ ਮਤਿ ਬੁਧੀ ਹੀ ਇਹੋ ਜਿਹੀ ਹੈ। ਓਹਨਾਂ ਨੇ ਹਰਿ ਕੀਰਤਨ ਦਾ ਰਸ ਚਖਿਆ ਹੀ ਨਹੀਂ, ਜੇ ਚੱਖਣ ਤਾਂ ਪ੍ਰਤੀਤ ਆਵੇ। ਅਤੇ ਚੱਖਣ ਤਾਂ, ਜੇ ਹੁਕਮ ਕਮਾਵਣ। ਕਮਾਵਣ ਤਾਂ, ਜੇ ਗੁਰੂ ਉਤੇ ਸ਼ਰਧਾ-ਭਾਵਨੀ ਆਵੇ। ਸੱਚੀ ਸ਼ਰਧਾ ਦੀ ਸੱਚੀ ਭਾਵਨੀ ਬਿਹੂਣ ਗੁਰੂ-ਹੁਕਮਾਂ ਦੀ ਕਮਾਈ ਕਿਕੂੰ ਹੋਵੇ! ਕਮਾਈ ਕਰਨ ਤਾਂ ਪਤੀਜਣ, ਕਿਉਂ ਇਸ ਕਮਾਈ ਅੰਦਰ ਪਾਰਸ-ਪ੍ਰਭਾਵੀ ਰਸ ਹੁੰਦਾ ਹੈ। ਰਹੱਸ-ਗੀਧੀ ਕਮਾਈ ਨਾਲ ਪਤੀਜ ਕੇ ਕਮਾਈ ਕਰਨ ਦਾ ਉਮਾਹਾ ਖਿਨ ਖਿਨ ਬਣਿਆ ਰਹਿੰਦਾ ਹੈ। ਇਸ ਉਮਾਹੇ ਦੇ ਪ੍ਰੇਮ-ਪਰਵਾਹ ਨੂੰ ਅਤੁਟ ਰਖਣ ਵਾਲੀ ਰਸ-ਪ੍ਰੇਮ-ਭਰੀ ਰੰਗ-ਰਤੀ ਦਸ਼ਾ, ਸਾਰ ਬਿਬੇਕੀ ਦੀ ਸਦਾ ਬਣੀ ਰਹਿੰਦੀ ਹੈ।

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥...੧॥ (੪॥੧੯॥੮੯)

[ਸਿਰੀ ਰਾਗੁ ਮ: ੫, ਪੰਨਾ ੪੯

ਇਸ ਗੁਰਵਾਕ ਰੂਪੀ ਹੁਕਮ ਦੁਆਰਾ ਦ੍ਰਿੜ੍ਹ ਹੁੰਦਾ ਹੈ ਕਿ ਗੁਰਮਤਿ ਨਾਮ ਦਾ ਅਜਪਾ ਜਾਪ ਰਸਨਾ ਕਰਕੇ ਕਰਨਾ ਭੀ ਗੁਰਮਤਿ ਬਿਬੇਕ ਹੈ ਤੇ ਇਸ ਅਜਪਾ ਜਾਪ ਦੁਆਰਾ ਰਸਨਾ ਕਰਕੇ ਗੁਰਮੰਤ੍ਰ ਜਪਣ ਰੂਪੀ ਸਿਮਰਨ-ਸ਼ਕਤੀ ਨਾਲ ਤਨ ਮਨ ਨਿਰਮਲ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਪਹਿਲੇ ਪਹਿਲ ਰਸਨਾ ਦੇ ਜਾਪ ਤੋਂ ਹੀ ਅਰੰਭ ਹੁੰਦਾ ਹੈ, ਕਿਉਂਕਿ ਅੰਮ੍ਰਿਤ ਛਕਣ ਸਮੇਂ ਇਹ ਨਾਮ ਬੈਖਰੀ ਬਾਣੀ ਦੁਆਰਾ ਦ੍ਰਿੜ੍ਹ ਅਤੇ ਉਚਾਰਨ ਕਰਾਇਆ ਜਾਂਦਾ ਹੈ ਅਤੇ ਬੈਖਰੀ ਬਾਣੀ ਦੁਆਰਾ, ਅਰਥਾਤ ਰਸਨਾ ਕਰਕੇ ਇਸ ਨੂੰ ਸਦਾ ਜਪਦੇ ਰਹਿਣ ਦਾ ਉਪਦੇਸ਼ ਮਿਲਦਾ ਹੈ। ਅਤੇ ਫੇਰ ਰਸਨਾ ਕਰਕੇ ਹੀ ਗੁਰਮੰਤ੍ਰ (ਗੁਰਮਤਿ ਨਾਮ) ਦਾ ਪਰਵੇਸ਼ ਰਿਦੰਤਰਿ (ਅੰਤਰ-ਆਤਮੇ) ਹੋਇ ਆਂਵਦਾ ਹੈ। ਫੇਰ ਅਨਤ ਤ੍ਰੰਗਾਂ ਕਰਕੇ ਇਸ ਦੇ ਜਪਣ ਸਿਮਰਨ ਅਤੇ ਅਭਿਆਸ ਕਰਨ ਦੀਆਂ ਪ੍ਰੇਮ-ਜੁਗਤੀਆਂ ਸੁਤੇ ਸੁਭਾਵ (ਗੁਰਮੰਤ੍ਰ ਦੀ ਰਜਨ-ਰਸਾਇਣੀ ਪਾਰਸ-ਕਲਾ ਦੁਆਰਾ) ਬਿਬੇਕੀ ਜਨ ਨੂੰ ਸਫੁਰਨ ਹੋਣ ਲਗ ਪੈਂਦੀਆਂ ਹਨ। ਅਤੇ ਉਕਤ ਅਨਤ ਤ੍ਰੰਗੀ ਪ੍ਰੇਮ-ਜੁਗਤੀਆਂ ਵਿਚੋਂ ਰਸਨ-ਰਸਾਇਣੀ ਅਜਪਾ ਜਾਪ ਦੀ ਪ੍ਰੇਮ-ਜੁਗਤੀ, ਨਾਮ ਰਸਾਇਣ ਦੀ ਕਮਾਈ ਵਿਚ ਕੰਮ ਆਉਂਦੀ ਰਹਿੰਦੀ ਹੈ। ਨਾਮ ਦੀਆਂ ਜੁਗਤੀਆਂ ਅਤੇ ਗੁਰਮੰਤ੍ਰ-ਕਮਾਈ ਦੇ ਅੰਤ੍ਰੀਵੀ ਭੇਦ ਦਾ ਖੋਲ੍ਹਣਾ ਇਹ ਅਸਾਡਾ ਏਥੇ ਪ੍ਰਕਰਣ ਨਹੀਂ। ਏਥੇ ਤਾਂ ਜ਼ੋਰ ਦੇ ਕੇ ਕੇਵਲ ਸਤਿਗੁਰ ਦੇ ਇਸ ਹੁਕਮ ਨੂੰ ਸਪੱਸ਼ਟਾਉਣਾ ਅਤੇ ਦ੍ਰਿੜ੍ਹਾਉਣਾ ਹੈ ਕਿ ਰਸਨਾ ਕਰਕੇ ਨਾਮ ਦਾ ਜਪਣਾ, ਜਿਸ ਜਪਣ ਕਰਕੇ ਮਨ ਤਨ ਸੀਤਲ ਹੋ ਜਾਂਦਾ ਹੈ, ਸਿਖ ਦੇ ਮੁਖ ਅਰੰਭਕ ਨਾਮ ਬਿਬੇਕ ਦੀ ਇਕ ਅੱਤ ਜ਼ਰੂਰੀ ਕਮਾਉਣ ਯੋਗ ਅੰਸ਼ ਹੈ। ਰਸਨਾ ਕਰਕੇ ਨਾਮ ਜਪਣ ਦੀ ਪਾਰਸ-ਕਲਾ ਦੁਆਰਾ ਸ੍ਰੀਰ ਦੇ ਰੋਮ ਰੋਮ ਅੰਦਰਿ ਜੋਤਿ-ਵਿਗਾਸੀ ਸੀਤਲਤਾ ਦੀ ਝਰਨਾਟ ਫਿਰ ਜਾਂਦੀ ਹੈ। ਅਤੇ ਰਸਨਾ ਦੁਆਰਾ ਅਜਪਾ ਜਾਪ ਕਰਦੇ ਰਹਿਣ ਕਰਿ, ਸਦਾ ਹੀ ਸਰੀਰ ਅੰਦਰਿ ਇਸ ਸੀਤਲਤਾ ਦੀ ਚਾਂਦਨੀ ਪਸਰੀ ਰਹਿੰਦੀ ਹੈ, ਜੋ ਬਿਬੇਕੀ ਜਨ ਨੂੰ ਸਦਾ ਸਹਿਜ ਮਤਵਾਲੇ ਰਖਦੀ ਹੈ।



www.AKJ.Org

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥੩॥ (੪॥੨੦॥੯੦)

[ਸਿਰੀ ਰਾਗੁ ਮ: ੫, ਪੰਨਾ ੪੯

ਇਸ ਗੁਰਵਾਕ ਦੇ ਭਾਵ ਤੋਂ ਸਿਧ ਹੁੰਦਾ ਹੈ ਕਿ ਅੰਮ੍ਰਿਤ ਸੰਸਕਾਰ ਸਮੇਂ ਅੰਮ੍ਰਿਤ ਨਾਮ ਦਾ ਪੀਆਲਣਾ, ਅਰਥਾਤ ਅੰਮ੍ਰਿਤ ਛਕਾਉਣਾ ਨਿਰੀ ਇਕ ਰਸਮ ਹੀ ਨਹੀਂ, ਕਿੰਤੂ ਉਚ ਆਤਮ ਦਾਨ ਜੀਆ ਦਾਨ ਦੇਣਾ ਹੈ ਅਤੇ ਮਾਇਕ (ਸੰਸਾਰੀ) ਜੀਵਨ ਨੂੰ ਪਲਟਾ ਕੇ ਪ੍ਰਮਾਰਥੀ ਨਵਜੋਬਨ ਵਾਲੇ ਜੀਵਨ ਵਿਚ ਬਦਲ ਦੇਣਾ ਹੈ। ਤਾਂ ਹੀ ਤਾਂ ਉਸ ਸਮੇਂ ਸਤਿਗੁਰੂ ਦੇ ਘਰ ਆਤਮ (ਪ੍ਰਮਾਰਥ) ਵਿਚ ਜਨਮ ਹੋਣ ਕਰਕੇ ਇਹ ਨਵਾਂ (ਨਵੀਨ) ਜਨਮ ਹੁੰਦਾ ਹੈ, ਜਿਸ ਵਿਚ ਪਰਤੱਖ ਅਮਰ-ਕਲਾ ਵਰਤ ਜਾਂਦੀ ਹੈ ਅਤੇ ਜਨਮ ਮਰਨ ਦਾ ਸਹਿਸਾ ਦੂਰ ਹੋ ਕੇ ਲਖ ਚੁਰਾਸੀ ਦੇ ਜੂਨ ਗੇੜ ਵਾਲਾ ਆਵਾਗਵਨ ਮਿਟ ਜਾਂਦਾ ਹੈ। (ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ੯੪੦)। ਤਾਂਹੀ ਤੇ ਇਹ ਗੁਰਮਤਿ ਨਾਮ ਅਮਰ-ਕਲਾ ਭਰਪੂਰ ਅੰਮ੍ਰਿਤ ਨਾਮ ਰੂਪੀ ਪਾਰਸ, ਇਸ ਗੁਰ ਪ੍ਰਮਾਣ ਅੰਦਰਿ "ਜਨਮ ਮਰਨ ਕਾ ਪਥੁ" ਦਸਿਆ ਗਿਆ ਹੈ। ਅੰਮ੍ਰਿਤ ਸੰਸਕਾਰ ਉਹੀ ਹੈ ਜਿਸ ਵਿਚ ਇਹ ਅੰਮ੍ਰਿਤ ਕਲਾ ਪਰਤਖ ਵਰਤਦੀ ਹੈ। ਆਨਮਤ ਸੰਸਕਾਰਾਂ ਦੀ ਨਿਆਈਂ ਇਹ ਗੁਰਮਤਿ ਸੰਸਕਾਰ (ਅੰਮ੍ਰਿਤ ਛਕਾਉਣ ਦੀ ਰੀਤੀ) ਨਿਰੀ ਇਕ ਰਸਮ ਪੂਰਬਕ ਰੀਤੀ ਹੀ ਨਹੀਂ, ਪ੍ਰੰਤੂ ਏਥੇ ਸਾਮਰਤੱਖ ਅੰਮ੍ਰਿਤ ਕਲਾ ਵਰਤ ਕੇ ਅੰਮ੍ਰਿਤ ਛਕਣਹਾਰਿਆਂ ਦੇ ਅਮਰੀ ਜੀਵਨ ਹੋ ਜਾਂਦੇ ਹਨ। ਇਸ ਅੰਮ੍ਰਿਤ ਛਕਾਉਣ ਦੀ ਰੀਤੀ ਅੰਦਰ ਮੁਖ ਅੰਗ ਅੰਮ੍ਰਿਤ ਨਾਮ (ਗੁਰਮੰਤ੍ਰ) ਦਾ ਦੇਣਾ ਹੈ, ਜਿਸ ਕਰਕੇ ਇਸ ਸਾਰੀ ਗੁਰਮਤਿ ਰਹੁਰੀਤੀ ਦਾ ਸੰਕੇਤਕ ਨਾਮ 'ਅੰਮ੍ਰਿਤ ਛਕਾਉਣਾ' ਪਰਸਿਧ ਹੈ। ਉਸ ਅੰਮ੍ਰਿਤ ਸਮੇਂ ਦੇ ਦ੍ਰਿੜ੍ਹਾਏ ਗੁਰਮੰਤ੍ਰ ਅਤੇ ਜਨਮ ਮਰਨ ਦੇ ਪਥ ਅੰਮ੍ਰਿਤ ਨਾਮ ਨੂੰ ਧਾਰਨ ਕਰਨਾ ਅਤੇ ਧਾਰਨ ਕਰੀ ਰਖਣਾ ਗੁਰਮਤਿ ਦੇ ਸਾਰ-ਬਿਬੇਕ ਦਾ ਮੁਖ ਅੰਗ ਹੈ। "ਅੰਮ੍ਰਿਤ ਨਾਮ ਪੀਆਲਿਆ" ਤੋਂ ਇਹ ਸਿੱਟਾ ਕਢ ਲੈਣਾ ਠੀਕ ਨਹੀਂ ਕਿ ਇਕ ਵਾਰੀ ਦੇ ਅੰਮ੍ਰਿਤ ਛਕਣ ਸਮੇਂ ਅੰਮ੍ਰਿਤ ਨਾਮ ਪਿਆਇਆ ਗਿਆ ਅਤੇ ਪੀਵਣ-ਹਾਰਿਆਂ ਨੇ ਪੀ ਲਿਆ, ਬਹੁੜ ਕਮਾਈ ਕਰਨ ਦੀ, ਅਰਥਾਤ ਖਿਨ ਖਿਨ ਜਪਣ ਦੀ ਕੀ ਲੋੜ? ਇਸ ਵਿਚ ਰੰਚਕ ਸੰਦੇਹ ਨਹੀਂ ਕਿ ਜਿਨ੍ਹਾਂ ਵਡਭਾਗੇ ਜਨਾਂ ਨੂੰ ਅੰਮ੍ਰਿਤ ਛਕਣਸਾਰ ਹੀ ਅੰਮ੍ਰਿਤ ਨਾਮ ਦੀ ਅਮਰ-ਕਲਾ, ਪੂਰਨ ਪਾਰਸ ਕਲਾ ਵਰਤ ਕੇ ਅਮਰ ਪਦਵੀ ਪ੍ਰਾਪਤ ਹੋ ਗਈ ਉਨ੍ਹਾਂ ਦ ਜਨਮ ਮਰਨ ਆਵਾਗਵਨ ਦਾ ਸਿਲਸਿਲਾ ਤਾਂ ਓਥੇ ਹੀ ਮੁਕ ਗਿਆ, ਪ੍ਰੰਤੂ ਅੰਮ੍ਰਿਤ ਨਾਮ ਦੀ ਝਰਨਾਟ ਜਿਹੜੀ ਅਮਰ ਪਰਭਾਵੀ ਪਾਰਸ-ਕਲਾ ਦੁਆਰਾ ਇਕ ਵਾਰੀ ਛਿੜ ਪਈ ਹੈ, ਉਹ ਸਦਾ ਛਿੜੀ ਹੀ ਰਹੇਗੀ ਅਤੇ ਦਿਨ ਬਦਿਨ ਜ਼ੋਰੋ ਜ਼ੋਰ ਤੇ ਹੋਰੋ ਹੋਰ ਅਨਿਕ ਤ੍ਰੰਗੀ ਅਤੇ ਅਨਹਦੀ ਰੰਗਾਂ ਵਿਚ ਛਿੜੇਗੀ। ਬਿਬੇਕੀ ਜਨ ਦੀ ਸੁਤੇ ਰੁਚੀ ਅਖੰਡ ਕੀਰਤਨ ਦੇ ਅਪਾਰ ਲਾਹੇ ਲੈਣ ਅਤੇ ਲਈ ਜਾਣ ਲਈ ਸਦਾ ਨਿਤ ਨਵੇਂ ਰੰਗਾਂ ਤ੍ਰੰਗਾਂ ਵਿਚ ਬਣੀ ਰਹੇਗੀ। ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਅਮਰ ਹੋਣ ਦੇ ਅਤੇ ਪੂਰਨ ਅਮਰ ਕਲਾ ਵਰਤ ਜਾਣ ਦੇ ਪੂਰਨ ਰੰਗ ਨਹੀਂ ਲਗੇ, ਉਹਨਾਂ ਦਾ ਪਿਛਲੇ ਕਰਮਾਂ ਦਾ ਲੇਖਾ ਤਾਂ ਤਤਕਾਲ ਹੀ ਮੁਕ ਫੁਕ ਗਿਆ, ਅੰਮ੍ਰਿਤ ਦੀ ਜਾਗ ਲਗਣ ਸਾਰ; ਪ੍ਰੰਤੂ ਇਸ ਅੰਮ੍ਰਿਤ-ਜਾਗ ਰੂਪੀ ਅੰਮ੍ਰਿਤ-ਬੀਜ ਨੂੰ ਅੰਮ੍ਰਿਤ-ਜੋਤੀ-ਅਮਰ-ਫਲ ਤਾਂ ਤਦੇ ਹੀ ਲਗਣਗੇ ਜੇ ਇਸ ਅੰਮ੍ਰਿਤ ਬੀਜ ਮਾਤ੍ਰ ਨਾਮ ਨੂੰ ਗੁਰ-ਦਰਸਾਏ ਸੰਜਮ ਸਾਧਨਾ ਸੇਤੀ ਕਮਾਇਆ ਜਾਵੇਗਾ। ਉਹ ਕੋਈ ਵਿਰਲੀ ਧਰਤੀ ਹੈ ਜਿਸ ਅੰਦਰ ਬੀਜ ਬੋਵਣ ਸਾਰ ਹੀ ਅੰਮ੍ਰਿਤ ਅੰਕੁਰ ਫਲ ਉਗਵਿ ਆਉਂਦੇ ਹਨ, ਪ੍ਰੰਤੂ ਆਮ ਤੌਰ ਪਰ ਬੀਜ ਸਿਟਣ ਤੋਂ ਪਹਿਲਾਂ ਭੀ ਧਰਤੀ ਨੂੰ ਕਮਾਇਆ ਜਾਂਦਾ ਅਤੇ ਬੀਜਣ ਪਸਚਾਤ ਭੀ ਅਨਿਕ ਪ੍ਰਕਾਰ ਦੀ ਅਤੁਟ ਕਮਾਈ ਕੀਤੀ ਜਾਂਦੀ ਹੈ, ਤਦ ਜਾ ਕੇ ਉਹ ਬੀਜ ਫਲੀਭੂਤ ਹੁੰਦਾ ਹੈ। ਪਹਿਲੀ ਹਾਲਤ ਵਿਚ ਤਾਂ ਸੁਤੇ ਕਮਾਈ ਆ-ਮੁਹਾਰੀ ਹੁੰਦੀ ਹੈ ਅਤੇ ਇਸ ਦੂਜੀ ਆਮ ਹਾਲਤ ਅੰਦਰ ਮਥ ਕੇ, ਉਦਮ ਧਾਰ ਕੇ ਇਸ ਕਮਾਈ ਨੂੰ ਜੁਟਣਾ ਪੈਂਦਾ ਹੈ, ਓਦੋਂ ਤੀਕ ਜਦ ਤੀਕ ਕਿ "ਪਰਗਾਸੁ ਭਇਆ ਕਉਲੁ ਖਿਲਿਆ" (੨੪੯) ਵਾਲੀ ਖੇਲ ਨਹੀਂ ਵਾਪਰ ਜਾਂਦੀ,



www.AKJ.Org

ਇਸ ਖੇਲ ਵਾਪਰੇ ਪਸਚਾਤ ਓਸੇ ਤਰ੍ਹਾਂ ਹੀ ਆ-ਮੁਹਾਰੇ ਫੁਹਾਰੇ ਅੰਮ੍ਰਿਤ ਨਾਮ ਦੇ ਛੁਟਣੇ ਅਰੰਭ ਹੋ ਜਾਂਦੇ ਹਨ, ਅਰਥਾਤ ਨਾਮ ਅਭਿਆਸ ਦੀ ਅੰਮ੍ਰਿਤ ਮੌਜ ਦੇ ਸੁਤੇ ਪਰਵਾਹ ਚਲਣ ਲਗ ਪੈਂਦੇ ਹਨ, ਜਿਸ ਤਰ੍ਹਾਂ ਕਿ ਪਹਿਲੀ ਨਜ਼ੀਰ ਵਿਚ ਅਰੰਭ ਤੋਂ ਹੀ ਚਲਣ ਲਗੇ ਸੀ। ਹਰ ਹਾਲਤ ਵਿਚ ਅੰਮ੍ਰਿਤ ਨਾਮ ਨੂੰ ਇਕ ਵਾਰ ਪੀ ਕੇ ਸਦਾ ਲਈ ਭੁੰਚਦੇ ਰਹਿਣਾ ਹੀ ਸਾਰ ਗੁਰਮਤਿ ਬਿਬੇਕ ਦਸ਼ਾ ਦੀ ਨਿਸ਼ਾਨੀ ਹੈ।

ਦੁਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ ॥ (੪॥੨੪॥੯੪)

[ਸਿਰੀ ਰਾਗੁ ਮ: ੫, ਪੰਨਾ ੫੧

ਭਾਵ—ਜੇ ਗੁਰਮੰਤ੍ਰ (ਗੁਰਮਤਿ ਨਾਮ) ਨੂੰ ਦੰਮ ਦੰਮ ਹਿਰਦੇ ਵਿਖੇ ਪ੍ਰੋਈ ਰਖੀਏ ਤਾਂ ਨਾ ਦੁਖੁ, ਨਾ ਕਲੇਸ਼, ਨਾ ਭਉ ਵਿਆਪਦਾ ਹੈ। ਭਾਵੇਂ ਉਕਤ ਦੁਖ ਕਲੇਸ਼ ਅਤੇ ਭਉ, ਮੁਜੱਸਮ ਦੁਖ, ਮੁਜੱਸਮ ਕਲੇਸ਼ ਅਤੇ ਮੁਜੱਸਮ ਭਉ ਹੀ ਕਿਉਂ ਨਾ ਹੋਵਣ। ਅੰਸ਼ ਮਾਤ੍ਰ ਦੁਖ, ਕਲੇਸ਼ ਅਤੇ ਭਉ ਨੇ ਤਾਂ ਕੀ ਬਿਆਪ ਸਕਣਾ ਹੈ। "ਗੁਰਮੰਤ੍ਰ ਹਿਰਦੈ ਹੋਇ" ਤੋਂ ਭਾਵ ਬੀਜ ਮਾਤ੍ਰ ਰਿਦੇ ਪਰਵੇਸ਼ੀ ਗੁਰਮੰਤ੍ਰ ਦਾ ਹੀ ਨਹੀਂ, ਕਿੰਤੂ ਇਸ ਗੁਰਮੰਤ੍ਰ ਬੀਜ ਨੂੰ ਗੁਰਮਤਿ ਬਿਬੇਕ ਦੁਆਰਾ ਕਮਾ ਕੇ ਹਰ ਦੰਮ ਹਰੀ ਭਰੀ ਦਸ਼ਾ ਵਿਖੇ ਹਿਰਦੇ ਭੂਮੀ ਅੰਦਰਿ ਪਰਫੁਲਤ ਰਖਣ ਦਾ ਹੈ, ਅਰਥਾਤ ਗੁਰਮੰਤ੍ਰ ਨੂੰ ਖਿਨ-ਖਿਨੀ ਅਭਿਆਸ ਦੁਆਰਾ ਰਿਦੰਤਰਿ ਪ੍ਰੋਈ ਰਖਣ ਦਾ ਹੈ।

["ਗੁਰਮਤਿ ਬਿਬੇਕ" ਪੁਸਤਕ ਵਿਚੋਂ

---

# ਅੰਮ੍ਰਿਤਸਰੁ ਸਿਫਤੀ ਦਾ ਘਰੁ

[ਵਲੋਂ—ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ, (ਗੁੜਗਾਉਂ) ]

ਕੁੰਡਲੀਆ ਛੰਦ—

"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।
"ਬਧੋਹੁ ਪੁਰਖਿ ਬਿਧਾਤੈ ਤਾ ਤੂ ਸੋਹਿਆ।
"ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।
"ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ"।
ਰਾਮਦਾਸ ਸਰ ਨਾਇਐ, ਸਭ ਪਾਪ ਪਣਿਠੇ।
ਨਹੀਂ ਨਗਰ ਕੋਈ ਜਿਹਾ, ਥਾਂਵ ਬਹੁਤੇਰੇ ਡਿਠੇ।੧।
"ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।
"ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।"
ਜੋਤਿ ਜਗਾਵੈ ਜਗਤ ਵਿਚ ਗੁਣ ਨਿਧਾਨ ਸਰਬ ਸੁਖ-ਦਾਤਾ।
(ਗੁਰੂ) ਨਾਨਕ ਚੌਥੀ ਜੋਤਿ ਵਿਚ ਹੁਇ ਜਗ-ਬਖਿਆਤਾ।
ਮਨ-ਬਾਂਛਤ ਫਲ ਦੇਤ, ਕਰੇ ਕਾਰਜ ਸੰਪੂਰਨ।
ਭਵਜਲ ਤਾਰਨਹਾਰ ਗੁਰੂ, ਗੁਰ ਸਤਿਗੁਰ ਪੂਰਨ।੨।
"ਅੰਮ੍ਰਿਤਸਰੁ ਸਤਿਗੁਰ ਸਤਿਵਾਦੀ" ਜਿਤੁ ਨਾਤੈ ਕਸ਼ਟ ਹੋਣ ਕਾਫ਼ੂਰ।
ਅਠਸਠ ਤੀਰਥ ਰੂਪ ਕਿਲਵਿਖ ਸਭ ਹੋਵਣ ਦੂਰ।
ਕਿਲਵਿਖ ਹੋਵਣ ਦੂਰ ਮਿਲੇ ਗੁਰ ਸ਼ਰਨ ਗੁਸਾਈ।
ਚੜ੍ਹੇ ਨਾਮੁ-ਰਸ-ਰੰਗ ਸੁਰਤਿ ਨਿਸ ਦਿਨ ਵਿਗਸਾਈ।
ਹੈ ਬੈਕੁੰਠ ਧਾਮ ਧਰਤੀ ਤੇ ਕਾਮਧੇਨੁ ਅਰ ਕਲਪ ਤਰੁ,
ਰਿਧਿ ਸਿਧਿ ਨੌ ਨਿਧਿ ਬਖਸ਼ੇ 'ਮਿੱਤਰ' ਗੁਰ ਨਗਰੀ ਅੰਮ੍ਰਿਤਸਰ।੩।



www.AKJ.Org

# ਮੈਂ ਨ ਕਰਉਂ ਇਨ ਕੀ ਪ੍ਰਤੀਤ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਅੰਮ੍ਰਿਤ ਛਕਣ ਸਮੇਂ ਜੋ ਰਹਿਤ ਰਹਿਣੀਆਂ ਗੁਰੂ ਰੂਪ ਪੰਜਾਂ ਪਿਆਰਿਆਂ ਵਲੋਂ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ, ਉਹ ਗੁਰੂ ਕੇ ਹੁਕਮ ਹਨ। ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ। ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖ਼ਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ), ਨੜੀ ਮਾਰ, ਕੁੜੀ ਮਾਰ, ਮੀਣੇ, ਮਸੰਦ ਆਦਿਕ ਅਨ-ਮਤੀਆਂ ਨਾਲ ਨਹੀਂ ਵਰਤਣਾ। ਅਰਥਾਤ ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪੱਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ ਜੋ ਸਿਖ ਇਸ ਗੁਰੂ ਕੇ ਹੁਕਮ ਨੂੰ ਨਹੀਂ ਕਮਾਵੰਦੇ, ਉਹ ਸਚਿਆਰ ਸਿਖ ਵਾਲੀ ਬਿਬੇਕ ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ। ਗੁਰਸਿਖੀ ਦੀ ਬਿਬੇਕ ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ : "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ"* ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਾ ਰਖੀ ਜਾਵੇ। ਜੋ ਗੁਰਸਿਖ ਅੰਮ੍ਰਿਤ ਛਕਣ-ਸਾਰ ਹੀ ਆਨਮਤੀਆਂ ਵਿਚ ਜਾ ਖਚਤ ਹੋਇਆ, ਉਸਦੀ ਆਤਮ ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ ਪਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ ਪਰਤਾਪੀ ਖ਼ਾਲਸਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ, ਜਦ ਉਹ ਧਰਮ-ਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ। ਪਰੰਤੂ ਜਿਸ ਗੁਰਸਿਖ ਪਿਆਰੇ ਗੁਰੂ ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ ਰੰਗਾਂ ਦੀਆਂ ਉਚਿਆਈਆਂ ਵਿਚ ਖੇਡਣ ਦੀ ਜਿਸ ਸਿੰਘ ਸੁਚਿਆਰ ਨੂੰ ਸਚੀ ਸ਼ਰਧਾ ਹੈ, ਨਾਮ ਦੇ ਜੋਤਿ-ਵਿਗਾਸੀ ਤੇਜ ਪਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਕੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ, ਓਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਣ ਸਾਰ ਹੀ ਕਮਾਵਣ ਲਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਕਮਾਈਆਂ ਨੂੰ ਮਨ-ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ ਤਿਉਂ ਤਿਉਂ ਓਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ, ਬਿਬੇਕ-ਕਮਾਈਆਂ ਕਰਕੇ ਅਜ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਆਨ ਕੌਮਾਂ, ਖਾਸ ਕਰ ਹਿੰਦੂ ਕੌਮ ਵਿਚ ਖਪ ਖੁਪ ਜਾਣੀ ਸੀ। ਅਜੇ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਜੋ ਕਿ ਕੇਸਾਧਾਰੀ ਅੰਮ੍ਰਿਤਧਾਰੀ ਹੁੰਦੇ ਹੋਏ ਭੀ ਮਰਦਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ, ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ। ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ ਚਮਕਦਾ ਅਤੇ ਫਲਦਾ ਫੂਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ਼੍ਰੇਣੀ ਵਾਲਿਆਂ ਆਨਮਤੀਆਂ ਵਿਚ ਘੁਲ ਮਿਲ ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ-ਖੇਡ ਖ਼ਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗ਼ਰਬੀ

*ਸਲੋਕ ਮ: ੧, ਵਾਰ ਸੂਹੀ, ਪੰਨਾ ੭੯੦



www.AKJ.Org

ਅਵਿਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੂਸਾਈਆਂ, ਮੁਹੰਮਦੀਆਂ ਆਦਿਕ ਇਤਰ ਕੋਮਾਂ ਨਾਲ ਖਾਨ ਪਾਨ ਦਾ ਕੋਈ ਭਰਮ ਭੇਦ ਨ ਰਹਿਣ ਕਰਕੇ ਖਾਲਸਾ ਜੀ ਦੇ ਤੇਜ ਪਰਤਾਪ-ਮਈ ਧਰਮ ਦੀ ਆਣ ਕਾਣ ਅਤੇ ਸ਼ਾਨ ਖੀਨ-ਖਰਾਬ ਤੇ ਖ਼ੁਆਰ ਹੋ ਰਹੀ ਹੈ। ਅਸਾਡੇ ਲਈ ਬੇਦੀ ਕਤੇਬੀ ਮਤ ਦੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ, ਉਨ੍ਹਾਂ ਦੇ ਨਾਲ ਅਸੀਂ ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ-ਵਰਤਾਰੇ ਦਾ ਰਾਹ-ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ-ਵਿਹਾਰ ਕਰਨਾ ਚਗਲ ਹੋਣਾ ਹੈ। ਦੋਹੂੰ ਕਪਟ-ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ-ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ-ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ ਹੈ, ਜਿਥੇ ਜਨਮ ਜਾਤੀ ਦਾ ਅਭਿਮਾਨ ਹੋਵੇ। ਛੂਤ ਛਾਤ ਦੀ ਘ੍ਰਿਣਾ ਵਾਲੀ ਕਾਣ ਉਥੇ ਹੈ ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ। ਬਿਨਾ ਉਭਾਰੇ ਕਿਸੇ ਭੀ ਜਨਮ ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪ੍ਰੰਤੂ ਆਪ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ ਜਨਮ ਵਾਲੇ ਧਰਮ ਕਰਮ ਦੇ ਪਾਖੰਡ ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ। ਦੁਨੀਆਵੀ ਰੀਫ਼ਾਰਮਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਾਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਊਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ। ਗੁਰਮਤਿ ਅੰਦਰ ਇਸ ਪਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ। 'ਅੰਮ੍ਰਿਤ ਨਾਮ' ਦੇ ਜੀਅ-ਦਾਨ ਦੀ ਜੀਵਨ-ਬੂਟੀ ਦੇ ਕੇ ਹਰ ਇਕ ਜਨਮ-ਜਾਤੀ ਦੇ ਜੀਵ ਮਾਤਰ, ਮਨੁਖ ਮਾਤਰ ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਕੇ ਉਸ ਦਾ ਉਭਾਰਨਾ ਹੈ। ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ ਜਿਸ ਕਰਕੇ ਉਸ ਦਾ ਉਧਾਰ ਹੋ ਜਾਵੇ। ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ, ਉਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸਚਾ ਪ੍ਰੇਮ ਬਿਵਹਾਰ ਹੈ। ਇਹ ਅਭੇਦ ਵਰਤੋਂ ਵਾਲਾ ਪ੍ਰੇਮ ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ-ਬਿਵਹਾਰ ਦੇ ਤਾਬੇ। ਉਧਾਰ ਬਿਹੂਣ ਅਭੇਦ-ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ, ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣ ਵਾਲਿਆਂ ਦਾ ਭੀ। ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੁਲਿ ਫੁਲਿ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ। ਬਣਦਾ ਬੁਣਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ। ਬਿਨਾਂ ਕੁਛ ਬਣੇ ਸੰਵਰੇ ਦੇ ਐਵੇਂ ਵਾਧੂ-ਬਫਾਉਣਾ ਬਿਨ ਗੁਣ ਗਰਬ ਕਰਨਾ ਹੈ ਅਤੇ :

> ਨਾਨਕ ਤੇ ਨਰ ਅਸਲਿ ਖਰ
> ਜਿ ਬਿਨੁ ਗੁਣ ਗਰਬੁ ਕਰੰਤਿ ॥੫॥
> [ਸਲੋਕ ਮ: ੧, ਪੰਨਾ ੧੪੧੧

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗੱਧਾ) ਬਨਣਾ ਹੈ। ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਕਿ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦੀ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਛ ਸੌਰਦਾ ਨਹੀਂ। ਸਗੋਂ ਉਕਤ ਧਰਮ ਹੀਨ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ। ਕੌਮੀ ਇਤਫ਼ਾਕ ਵਾਲੀ ਪਾਜ-ਲਾਲਸਾ ਭੀ ਪੂਰੀ ਨਹੀਂ ਹੁੰਦੀ। [''ਗੁਰਮਤਿ ਬਿਬੇਕ'' ਪੁਸਤਕ ਵਿਚੋਂ



www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3, ਮੁਲੰਡ ਕਾਲੋਨੀ, ਬੰਬੇ–82]

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰਜੂ ਹੈਂ ॥
ਹਮੇਸੁਲ ਸਲਾਮੈ ॥ ਸਲੀਖਤ ਮੁਦਾਮੈ ॥੧੨੧॥

**ਸ਼ਬਦਾਰਥ**–ਹੁਸਨ = ਸੁੰਦਰਤਾ। ਵਜੂ = ਨੁਹਾਰ। ਤਮਾਮੁਲ = ਸਾਰੇ ਜੀਵਾਂ ਵਲ। ਰਜੂ = ਧਿਆਨ, ਤਵੱਜਹੁ। ਸਲਾਮੈ = ਸਦਾ ਕਾਇਮ। ਸਲੀਖਤ = ਸਲੀਕਾ, ਵਿਉਂਤ। ਮੁਦਾਮੈ = ਹਮੇਸ਼ਾ।

**ਭਾਵਾਰਥ**–ਤੂੰ ਸੁੰਦਰਤਾ ਦੀ ਮੂਰਤ ਹੈਂ, ਹਰ ਜੀਵ ਵਲ ਤੇਰਾ ਪੂਰਾ ਧਿਆਨ ਹੈ। ਤੂੰ ਸਦਾ ਸਥਿਰ ਹੈਂ, ਤੇਰਾ ਤਰੀਕਾ, ਢੰਗ ਸਦੀਵੀ ਹੈ।

**ਕਾਵਿ ਭਾਵਾਰਥ**–

ਤੂੰ ਹੈਂ ਮੂਰਤੀ ਸੁਹੱਪਣ ਤੇ ਸੁੰਦਰਤਾ ਦੀ, ਹਰ ਇਕ ਜੀਵ ਵਲ ਹੈ ਪੂਰਾ ਧਿਆਨ ਤੇਰਾ।
ਤੇਰੀ, ਰਚਨਾ ਦੀ ਵਿਉਂਤ ਨਿਰਵਿਘਨ ਹਰਦਮ, ਤੇ ਅਸਤੀਤ੍ਵ ਕਾਇਮ ਮਹਾਨ ਤੇਰਾ।

ਗ਼ਨੀਮੁਲ ਸ਼ਿਕਸਤੇ ॥ ਗ਼ਰੀਬੁਲ ਪਰਸਤੇ ॥
ਬਿਲੰਦੁਲ ਮਕਾਨੈ ॥ ਜ਼ਿਮੀਨੁਲ ਜ਼ਮਾਨੈ ॥੧੨੨॥

**ਸ਼ਬਦਾਰਥ**–ਗ਼ਨੀਮ = ਵੈਰੀ। ਸ਼ਿਕੱਸਤ = ਹਾਰ। ਗ਼ਨੀਮੁਲ ਸ਼ਿਕੱਸਤੇ = ਵੈਰੀਆਂ ਨੂੰ ਹਰਾਉਣ ਵਾਲਾ। ਗ਼ਰੀਬੁਲ ਪਰੱਸਤੇ = ਗ਼ਰੀਬਾਂ ਦੀ ਪਾਲਨਾ ਕਰਨ ਵਾਲਾ। ਬਿਲੰਦੁਲ = ਉਚਾ। ਮਕਾਨੈ = ਟਿਕਾਣਾ, ਘਰ। ਜ਼ਿਮੀਨੁਲ = ਧਰਤੀ। ਜ਼ਮਾਨੈ = ਸਮਾਂ, ਕਾਲ।

**ਭਾਵਾਰਥ**–ਤੂੰ ਵੈਰੀਆਂ ਨੂੰ ਹਰਾਉਣ ਵਾਲਾ ਤੇ ਗ਼ਰੀਬਾਂ ਦੀ ਪਾਲਨਾ ਕਰਨ ਵਾਲਾ ਹੈਂ। ਤੇਰਾ ਟਿਕਾਣਾ ਅਤੀ ਉਚਾ ਹੈ। ਤੂੰ ਹਰ ਸਮੇਂ ਧਰਤੀ ਉਤੇ ਹਰ ਥਾਂ ਉਪਸਥਿਤ ਹੈਂ।

**ਕਾਵਿ ਭਾਵਾਰਥ**–

ਵੈਰੀ ਦਲਾਂ ਨੂੰ ਸਦਾ ਹਰਾਉਣ ਵਾਲੇ, ਦੀਨਾਂ, ਹੀਨਾਂ ਦਾ ਹੈਂ ਤੂੰ ਪ੍ਰਤਿਪਾਲ ਪ੍ਰੀਤਮ!
ਪਰਮ ਉਚਯ ਮਹਾਨ ਅਸਥਾਨ ਤੇਰਾ, ਹਰ ਥਾਂ, ਹਰ ਸਮੇਂ ਹਾਜ਼ਰ ਦਿਆਲ ਪ੍ਰੀਤਮ!

ਤਮੀਜ਼ੁਲ ਤਮਾਮੈ ॥ ਰੁਜੂਅਲ ਨਿਧਾਨੈ ॥
ਹਰੀਫੁਲ ਅਜ਼ੀਮੈ ॥ ਰਜ਼ਾਇਕ ਯਕੀਨੈ ॥੧੨੩॥

**ਸ਼ਬਦਾਰਥ**–ਤਮੀਜ = ਪਛਾਣ। ਤਮਾਮ = ਪੂਰੀ ਤਰ੍ਹਾਂ। ਤਮੀਜ਼ੁਲ ਤਮਾਮ = ਸਭ ਦੀ ਪੂਰੀ ਤਰ੍ਹਾਂ ਪਛਾਣ ਰਖਣ ਵਾਲਾ। ਰਜੂ = ਤਵੱਜੋ, ਧਿਆਨ। ਨਿਧਾਨ = ਖ਼ਜ਼ਾਨਾ। ਰੁਜੂਅਲ ਨਿਧਾਨੈ = ਧਿਆਨ ਦਾ ਖ਼ਜ਼ਾਨਾ, ਤਵੱਜੋ ਦਾ ਭੰਡਾਰ। ਹਰੀਫ਼ = ਵੈਰੀ। ਅਜ਼ੀਮੈ = ਵੱਡਾ, ਮਹਾਨ। ਰਜ਼ਾਇਕ = ਰਿਜ਼ਕ ਦੇਣ ਵਾਲਾ। ਯਕੀਨੈ = ਯਕੀਨੀ ਤੌਰ ਤੇ, ਅਵੱਸ਼।

**ਭਾਵਾਰਥ**–ਤੈਨੂੰ ਸਭ ਕਿਸੇ ਦੀ ਪੂਰੀ ਪੂਰੀ ਪਛਾਣ ਹੈ, ਤੂੰ ਧਿਆਨ ਤੇ ਤਵੱਜੋ ਦਾ ਪੁੰਜ ਹੈਂ। ਵੈਰੀਆਂ ਤੋਂ ਤੂੰ ਮਹਾਨ ਉੱਚਾ ਹੈਂ ਅਤੇ ਹਰ ਜੀਵ ਨੂੰ ਅਵੱਸ਼ ਰੋਜ਼ੀ ਰਿਜ਼ਕ ਦੇਣ ਵਾਲਾ ਹੈਂ।

**ਕਾਵਿ ਭਾਵਾਰਥ**–

ਹਰ ਇਕ ਜੀਵ ਦੀ ਪੂਰਨ ਪਛਾਣ ਤੈਨੂੰ, ਤੂੰ ਹੈਂ ਪੂਰਨ ਧਿਆਨ-ਭੰਡਾਰ ਪ੍ਰੀਤਮ!
ਤੇਰੀ ਹਸਤੀ ਮਹਾਨ ਹੈ ਦੁਸ਼ਮਣਾਂ ਤੋਂ, ਤੇ ਅਵੱਸ਼ ਸਭ ਦਾ ਪਾਲਨਹਾਰ ਪ੍ਰੀਤਮ!



www.AKJ.Org

**ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥**
**ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥**

**ਸ਼ਬਦਾਰਥ**–ਤਰੰਗ=ਲਹਿਰ। ਅਭੇਦ=ਜਿਸ ਦਾ ਭੇਦ ਨ ਲੱਭ ਸਕੇ। ਅਭੰਗ=ਅਬਿਨਾਸ਼ੀ। ਅਜ਼ੀਜ਼ੁਲ=ਪਿਆਰਿਆਂ ਨੂੰ। ਨਿਵਾਜ਼ ਹੈਂ=ਪਿਆਰ ਕਰਨ ਵਾਲਾ ਹੈਂ, ਵਡਿਆਈ ਦੇਣ ਵਾਲਾ ਹੈਂ। ਗ਼ਨੀਮੁਲ=ਵੈਰੀਆਂ ਨੂੰ। ਖ਼ਿਰਾਜ=ਡੰਡ, ਚੱਟੀ, ਮਸੂਲ।

**ਭਾਵਾਰਥ**–ਤੂੰ ਮਹਾਨ ਸਮੁੰਦਰ ਰੂਪ ਹੈਂ, ਸਭ ਜੀਵ ਜੰਤੂ, ਤੇ ਸੰਸਾਰੀ ਪਦਾਰਥ ਤੇਰੀਆਂ ਲਹਿਰਾਂ ਰੂਪ ਹਨ। ਤੇਰਾ ਭੇਦ ਨਹੀਂ ਪਾਇਆ ਜਾ ਸਕਦਾ। ਤੂੰ ਅਮਰ ਹੈਂ, ਅਬਿਨਾਸ਼ੀ ਹੈਂ। ਪਿਆਰਿਆਂ ਨੂੰ ਤੂੰ ਮਾਣ ਵਡਿਆਈਆਂ ਬਖ਼ਸ਼ਣ ਵਾਲਾ ਤੇ ਦੁਸ਼ਟਾਂ ਦੋਖੀਆਂ ਨੂੰ ਡੰਡ ਦੇਣ ਵਾਲਾ ਹੈਂ।

**ਕਾਵਿ ਭਾਵਾਰਥ**–

ਤੂੰ ਵਿਸ਼ਾਲ ਸਮੁੰਦਰ ਸਰੂਪ ਦਾਤਾ, ਹਰ ਇਕ ਜੀਵ ਹੈ ਤੇਰੀ ਤਰੰਗ ਸੁਆਮੀ!
ਤੂੰ ਅਭੇਦ ਹੈਂ, ਭੇਦ ਨ ਲਭੇ ਤੇਰਾ, ਤੂੰ ਅਬਿਨਾਸ਼ੀ ਹੈਂ, ਮੇਰੇ ਅਭੰਗ ਸੁਆਮੀ!
ਤੈਨੂੰ ਪਿਆਰਦੇ ਜੋ, ਉਸ ਨੂੰ ਪਿਆਰ ਕਰਨੈਂ, ਤੇ ਪਿਆਰਿਆਂ ਦਾ ਹੈਂ ਨਿਵਾਜ ਪ੍ਰੀਤਮ!
ਦੰਡ ਵੈਰੀਆਂ ਕੋਲੋਂ ਵਸੂਲਦਾ ਏਂ, ਲਵੇਂ ਉਹਨਾਂ ਦੇ ਕੋਲੋਂ ਖ਼ਿਰਾਜ ਪ੍ਰੀਤਮ!

**ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥**
**ਪ੍ਰਭੁਗਤਿ ਪ੍ਰਭਾ ਹੈਂ ॥ ਸੁਜੁਗਤਿ ਸੁਧਾ ਹੈਂ ॥੧੨੫॥**

**ਸ਼ਬਦਾਰਥ**–ਨਿਰੁਕਤ=ਬਿਆਨ ਤੋਂ ਬਾਹਰ, (ਨਿਰ+ਉਕਤ)। ਤ੍ਰਿਮੁਕਤ=ਤ੍ਰਿ+ਮੁਕਤ। ਤ੍ਰਿ=ਤਿੰਨ ਰੋਗ, ਰਜੋ, ਸਤੋ, ਤਮੋ। ਤ੍ਰਿਮੁਕਤ=ਤਿੰਨਾਂ ਰੋਗਾਂ ਤੋਂ ਮੁਕਤ। ਬਿਭੂਤ=ਪੂੰਜੀ। ਪ੍ਰਭਾ=ਪ੍ਰਕਾਸ਼। ਪ੍ਰਭੁਗਤ=ਭੋਗਦੇ ਹਨ। ਸੁਧਾ=ਅੰਮ੍ਰਿਤ। ਸੁਜੁਗਤ=ਚੰਗੀ ਤਰ੍ਹਾਂ ਰਚਿਆ ਮਿਚਿਆ ਹੋਇਆ।

**ਭਾਵਾਰਥ**–ਤੇਰੀ ਹਸਤੀ ਬਿਆਨ ਤੋਂ ਬਾਹਰ ਹੈ। ਤੂੰ ਅਜਿਹੀ ਪੂੰਜੀ ਹੈਂ ਜੋ ਤਿੰਨਾਂ ਤਾਪਾਂ ਤੋਂ ਮੁਕਤ ਹੈ। ਤੇਰੇ ਪ੍ਰਕਾਸ਼ ਨੂੰ ਹੀ ਸਾਰੇ ਮਾਣਦੇ ਹਨ। ਤੂੰ ਅੰਮ੍ਰਿਤ ਰਸ ਵਾਂਗੂ ਸਭ ਜੀਵਾਂ ਨਾਲ ਜੁੜਿਆ ਹੋਇਆ ਹੈਂ।

**ਕਾਵਿ ਭਾਵਾਰਥ**–

ਤੇਰਾ ਰੂਪ ਹੈ ਕਥਨ ਤੋਂ ਬਾਹਰ ਨਾਲੇ, ਰਜ, ਸਤ, ਤਮਾ ਤੋਂ ਮੁਕਤ ਦਾਤਾਰ ਪਿਆਰੇ!
ਸਭ ਹੀ ਤੇਰੇ ਪ੍ਰਕਾਸ਼ ਨੂੰ ਮਾਣਦੇ ਨੇ, ਅੰਮ੍ਰਿਤ ਰੂਪ ਇਕ ਮਿਕ ਤੂੰ ਕਰਤਾਰ ਪਿਆਰੇ!

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥**
**ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੧੨੬॥**

**ਸ਼ਬਦਾਰਥ**–ਸਦੈਵੰ ਸਰੂਪ=ਸਦੀਵ ਕਾਲੀ, ਸਦਾ ਕਾਇਮ ਦਾਇਮ। ਅਨੂਪ=ਜਿਸ ਵਰਗਾ ਹੋਰ ਕੋਈ ਨਹੀਂ ਹੈ। ਸਮਸਤੋ ਪਰਾਜ=ਸਭ ਨੂੰ ਹਰਾਣ ਵਾਲਾ। ਸਦਾ ਸਰਬ ਸਾਜ=ਸਦਾ ਹੀ ਸਭ ਨੂੰ ਸਾਜਣ ਵਾਲਾ, ਸਿਰਜਣਹਾਰ।

**ਭਾਵਾਰਥ**–ਤੇਰੀ ਹਸਤੀ ਸਦੀਵ-ਕਾਲੀ ਹੈ, ਅਬਿਨਾਸ਼ੀ ਹੈ, ਤੇਰੇ ਜਿਹਾ ਹੋਰ ਕੋਈ ਵੀ ਨਹੀਂ ਹੈ, ਤੂੰ ਸਭ ਨੂੰ ਹਰਾਉਣ ਵਾਲਾ ਹੈਂ ਅਤੇ ਸਦਾ ਹੀ ਸਭਨਾਂ ਦੀ ਸਿਰਜਨਾ ਕਰਨ ਵਾਲਾ ਹੈਂ।

**ਕਾਵਿ ਭਾਵਾਰਥ**–

ਸਭ ਨੂੰ ਕਰੇਂ ਪਰਾਜ, ਹਰਾਏਂ ਸਭ ਨੂੰ, ਕਾਇਮ ਦਾਇਮ ਹੈ ਸਦਾ ਸਰੂਪ ਤੇਰਾ।
ਸਿਰਜਣਹਾਰ ਸਭ ਦਾ, ਤੂੰ ਹੀ ਪ੍ਰਭੂ ਮੇਰੇ, ਮਿਲੇ ਭੇਦ ਨ ਕੁਝ ਹੇ ਅਨੂਪ! ਤੇਰਾ।



www.AKJ.Org

**ਸਮਸਤੁਲ ਸਲਾਮ ਹੈਂ ॥ ਸਦੈਵੁਲ ਅਕਾਮ ਹੈਂ ॥**
**ਨ੍ਰਿਬਾਧ ਸਰੂਪ ਹੈਂ ॥ ਅਗਾਧ ਹੈਂ ਅਨੂਪ ਹੈਂ ॥੧੨੭॥**

**ਸ਼ਬਦਾਰਥ**–ਸਲਾਮ=ਸਲਾਮਤੀ, ਰਖਿਆ। ਸਮੁਸਤੁਲ=ਸਭ ਜੀਵਾਂ ਦੀ। ਸਦੈਵੁਲ=ਸਦਾ ਹੀ। ਅਕਾਮ=ਕਾਮਨਾ ਰਹਿਤ। ਨਿਰਬਾਧ=ਜਿਸ ਦੇ ਰਾਹ ਵਿਚ ਕੋਈ ਰੋਕ ਨ ਪਾ ਸਕੇ। ਅਗਾਧ=ਅਥਾਹ।

**ਭਾਵਾਰਥ**–ਹਰ ਇਕ ਜੀਵ ਮਾਤ੍ਰ ਦੀ ਸਲਾਮਤੀ ਤੇ ਰਖਿਆ ਦਾ ਤੂੰ ਮੂਲ ਹੈਂ। ਸਦਾ ਹੀ ਤੂੰ ਕਾਮਨਾ ਰਹਿਤ ਹੈਂ, ਤੇਰੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਦਾ। ਤੇਰੀ ਕੋਈ ਥਹੁ ਜਾਂ ਹਾਥ ਨਹੀਂ ਮਿਲਦੀ, ਤੂੰ ਅਨੂਪ ਹੈਂ।

**ਕਾਵਿ ਭਾਵਾਰਥ**–

ਸਭ ਦੀ ਰਖਿਆ, ਸੁਰੱਖਿਆ ਦਾ ਮੂਲ ਹੈਂ ਤੂੰ, ਨਾਲੇ ਕਾਮਨਾ ਰਹਿਤ ਦਾਤਾਰ ਮੇਰੇ !
ਤੇਰੇ ਰਾਹ 'ਚ ਨ ਰੋਕ ਪਾ ਸਕੇ ਕੋਈ, ਹੈਂ ਅ-ਥਾਹ, ਅਨੂਪ ਕਰਤਾਰ ਮੇਰੇ !

**ਓਅੰ ਆਦਿ ਰੂਪੈ ॥ ਅਨਾਦਿ ਸਰੂਪੈ ॥**
**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥੧੨੮॥**

**ਸ਼ਬਦਾਰਥ**–ਓਅੰ=ਸਾਰੇ ਜਗਤ ਦੀ ਆਤਮਾ। ਤ੍ਰਿਭੰਗੀ=ਤ੍ਰਿ+ਭੰਗੀ, ਤਿੰਨੇ ਲੋਗ, ਧਰਤ, ਪਾਤਾਲ ਤੇ ਆਕਾਸ਼ ਦਾ ਨਾਸ਼ਕ। ਤ੍ਰਿਕਾਮ=ਤਿੰਨਾਂ ਹੀ ਭਾਵਨਾ ਦੇ ਜੀਵਾਂ ਦੀ ਕਾਮਨਾ ਪੂਰਨ ਕਰਨ ਵਾਲਾ।

**ਭਾਵਾਰਥ**–ਤੂੰ ਸਾਰੇ ਸੰਸਾਰ ਦੀ ਆਤਮਾ ਹੈਂ, ਤੇਰੀ ਹੋਂਦ ਹੀ ਸਭ ਤੋਂ ਪਹਿਲਾਂ ਦੀ ਹੈ, ਤੇਰੀ ਹਸਤੀ ਦਾ ਕੋਈ ਆਦ ਅਰੰਭ ਨਹੀਂ ਮਿਲਦਾ। ਤੂੰ ਅੰਗ, ਸਰੀਰ ਤੇ ਨਾਮ ਰਹਿਤ ਹੈਂ ਅਤੇ ਤਿੰਨਾਂ ਹੀ ਲੋਕਾਂ ਦੇ ਸਭ ਜੀਵਾਂ ਦੀਆਂ ਸਭ ਕਾਮਨਾਵਾਂ ਪੂਰਨ ਕਰਦਾ ਹੈਂ।

**ਕਾਵਿ ਭਾਵਾਰਥ**--

ਤੂੰ ਹੀ ਆਤਮਾ ਸਾਰੇ ਬ੍ਰਹਿਮੰਡ ਦੀ ਹੈਂ, ਸ੍ਰਬ ਪ੍ਰਥਮ ਹੀ ਬਣਿਐ ਰੂਪ ਤੇਰਾ !
ਤੇਰੇ ਆਦਿ ਦਾ ਮੁਢ ਸਿਰਾ ਮਿਲੇ ਕੋਈ ਨ, ਨਾਲੇ ਪਰਮ ਅਨਾਦੀ ਸਰੂਪ ਤੇਰਾ !
ਤੇਰਾ ਅੰਗ ਕੋਈ ਨਾ, ਨਾ ਵਿਸ਼ੇਸ਼ ਨਾਂ ਹੀ, ਹਰ ਇਕ ਨਾਉਂ ਹੈ ਤੇਰਾ ਹੀ ਨਾਮ ਪ੍ਰੀਤਮ !
ਤਿੰਨ ਲੋਕਾਂ ਨੂੰ ਨਾਸ ਵੀ ਤੂੰ ਹੀ ਕਰਨੈਂ, ਪੂਰਨ ਇਛਾਂ ਵੀ ਕਰੇਂ ਤਮਾਮ ਪ੍ਰੀਤਮ !

**ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥**
**ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥੧੨੯॥**

**ਸ਼ਬਦਾਰਥ**–ਤ੍ਰਿਬਰਗ=ਜਿਸ ਵਿਚ ਧਰਮ, ਅਰਥ ਤੇ ਮੋਖ ਮੌਜੂਦ ਹੋਣ। ਤ੍ਰਿਬਾਧ=ਤਿੰਨਾਂ ਹੀ ਲੋਕਾਂ ਦੇ ਰਾਹ ਰੋਕ ਦੇਣ ਦੀ ਸਮ੍ਰਥਾ ਰੱਖਣ ਵਾਲਾ। ਅਗੰਜ=ਅਜਿਤ। ਸੁਭੰ=ਸੁਹਣੇ। ਸਰਬ ਭਾਗੇ=ਸਰੀਰ ਦੇ ਸਾਰੇ ਭਾਗ, ਸਾਰੇ ਅੰਗ। ਸਰਬਾ ਅਨੁਰਾਗੇ=ਜਿਸ ਦਾ ਸਭ ਨਾਲ ਹੀ ਪ੍ਰੇਮ ਹੋਵੇ।

**ਭਾਵਾਰਥ**–ਤੇਰੇ ਵਿਚ ਤਿੰਨੇ ਪਦਾਰਥ ਮੌਜੂਦ ਹਨ। ਤਿੰਨਾਂ ਹੀ ਲੋਕਾਂ ਦੇ ਰਾਹ ਰੋਕ ਸਕਣ ਦੀ ਸਮ੍ਰਥਾ ਤੇਰੇ ਵਿਚ ਹੈ। ਤੂੰ ਅਜਿੱਤ ਹੈਂ, ਅਥਾਹ ਹੈਂ। ਤੇਰੇ ਸਰੀਰ ਦੇ ਸਾਰੇ ਅੰਗ ਸੁੰਦਰ ਹਨ। ਤੂੰ ਸਭ ਨਾਲ ਪ੍ਰੇਮ ਕਰਦਾ ਹੈਂ।

**ਕਾਵਿ ਭਾਵਾਰਥ**–

ਤਿੰਨੇ ਮੁਖ ਪਦਾਰਥ ਸੰਸਾਰ ਦੇ ਜੋ, ਧਰਮ ਅਰਥ ਤੇ ਮੋਖ ਦਾ ਸੁਆਮੀ ਹੈਂ ਤੂੰ !
ਤਿੰਨਾਂ ਲੋਕਾਂ ਦੇ ਜੀਵਾਂ ਦੇ ਰੋਕ ਦਏਂ ਰਾਹ, ਐਸਾ ਪੁਰਖ ਸਮ੍ਰਥ ਅਗਾਮੀ ਹੈਂ ਤੂੰ !



www.AKJ.Org

ਤੂੰ ਅਜਿੱਤ ਜਿਤਿਆ ਨਹੀਂ ਜਾ ਸਕਦਾ, ਤੂੰ ਅਗਾਧ, ਤੇਰੀ ਨਹੀਂ ਕੋਈ ਥਾਹ ਸੁਆਮੀ !
ਸਭਨਾਂ ਨਾਲ ਹੀ ਕਰੇਂ ਪ੍ਰੇਮ ਦਾਤਾ, ਤੇਰੇ ਅੰਗ ਮਾਰਦੇ ਨੇ ਸੁੰਦਰ ਭਾਹ ਸੁਆਮੀ !

**ਤ੍ਰਿਭੁਗਤ ਸਰੂਪ ਹੈਂ ॥ ਅਛਿਜ ਹੈਂ ਅਛੂਤ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥**

**ਸ਼ਬਦਾਰਥ**–ਤ੍ਰਿਭੁਗਤ=ਜਿਸ ਨੂੰ ਤਿੰਨਾਂ ਲੋਕਾਂ ਦੇ ਜੀਵ ਮਾਣਦੇ ਹਨ, ਮੌਜਾਂ ਕਰ ਰਹੇ ਹਨ। ਅਛਿਜ=ਨ ਛਿਜਣ ਵਾਲਾ। ਅਛੂਤ=ਛੋਹਿਆ ਨ ਜਾ ਸਕਣ ਵਾਲਾ। ਪ੍ਰਣਾਸ=ਨਾਸ ਕਰਨ ਵਾਲਾ। ਪ੍ਰਿਥੀਉਲ ਪ੍ਰਵਾਸ=ਪ੍ਰਿਥਵੀ ਦਾ ਮੁਸਾਫ਼ਰ। ਪ੍ਰਵਾਸੀ=ਪ੍ਰਦੇਸੀ।

**ਭਾਵਾਰਥ**–ਤਿੰਨਾਂ ਲੋਕਾਂ ਦੇ ਜੀਵ ਤੇਰੀ ਹਸਤੀ ਕਾਰਨ ਅਨੰਦ ਮਾਣ ਰਹੇ ਹਨ। ਤੇਰੀ ਹਸਤੀ ਅਟੁੱਟ ਹੈ। ਤੈਨੂੰ ਕੋਈ ਛੁਹ ਨਹੀਂ ਸਕਦਾ। ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ। ਧਰਤੀ ਉਤੇ ਹਰ ਥਾਂ ਤੂੰ ਪਸਰਿਆ ਹੋਇਆ ਹੈਂ।

**ਕਾਵਿ ਭਾਵਾਰਥ**–

ਮਾਣਨ ਲੋਕ ਤ੍ਰਿਲੋਕੀ ਦੇ ਪਏ ਮੌਜਾਂ, ਐਸਾ ਰੂਪ ਅਨੰਦ ਦਾਤਾਰ ਤੇਰਾ !
ਛੋਹਿਆ ਅਤੇ ਟੋਹਿਆ ਨਹੀਂ ਤੂੰ ਜਾ ਸਕਦਾ, ਟੁਟਦਾ ਛਿਜਦਾ ਨਹੀਂ ਅਕਾਰ ਤੇਰਾ !
ਨਰਕਾਂ, ਦੁਖਾਂ, ਦਰਿਦਰਾਂ ਦਾ ਨਾਸ ਕਰਤਾ, ਸਾਰੀ ਧਰਤੀ ਹੀ ਹੈ ਦਾਤਾ ਵਾਸ ਤੇਰਾ !
ਕੁਝ ਸਮੇਂ ਲਈ ਵੀ ਇਥੇ ਆ ਵਸੇ ਜੋ, ਉਹਦੇ ਅੰਦਰ ਵੀ ਹੋ ਜਾਂਦੇ ਵਾਸ ਤੇਰਾ !

**ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**
**ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੧॥**

**ਸ਼ਬਦਾਰਥ**–ਨਿਰੁਕਤ=ਨਿਰ+ਉਕਤ=ਜਿਸ ਦਾ ਬਿਆਨ ਨ ਹੋ ਸਕੇ, ਵਰਨਨ ਨ ਹੋ ਸਕੇ। ਪ੍ਰਭਾ=ਪ੍ਰਭਤਾ, ਜਲਾਲ। ਪ੍ਰਜੁਗਤ=ਰਚਿਆ ਮਿਚਿਆ ਹੋਇਆ।

**ਭਾਵਾਰਥ**–ਤੇਰੀ ਪ੍ਰਭਤਾ ਦਾ ਕੁਝ ਵਰਨਨ ਨਹੀਂ ਹੋ ਸਕਦਾ, ਤੂੰ ਸਥਾਈ ਹੈਂ, ਤੇਰੀ ਹੋਂਦ ਤੋਂ ਸਾਰੇ ਸੁਖ ਮਾਣ ਰਹੇ ਹਨ। ਤੂੰ ਆਪਣੀ ਰਚਨਾ ਵਿਚ ਚੰਗੀ ਤਰ੍ਹਾਂ ਰਚਿਆ ਮਿਚਿਆ ਹੋਇਆ ਹੈਂ ਅਤੇ ਤੇਰੇ ਜਿਹਾ ਹੋਰ ਕੋਈ ਨਹੀਂ ਹੈ।

**ਕਾਵਿ ਭਾਵਾਰਥ**–

ਐਸੀ ਪ੍ਰਭਤਾ ਹੈ ਤੇਰੀ, ਜਲਾਲ ਤੇਰਾ, ਜਿਸ ਦਾ ਕਦੇ ਵਰਨਨ ਹੋ ਸਕਦਾ ਹੀ ਨਹੀਂ !
ਹਰ ਸਮੇਂ, ਹਰ ਥਾਈਂ ਉਪਸਥਿਤ ਹੈਂ ਤੂੰ, ਤੇਰੀ ਹੋਂਦ ਤੋਂ ਖ਼ਾਲੀ ਕੋਈ ਜਗ੍ਹਾ ਹੀ ਨਹੀਂ !
ਹਰ ਇਕ ਜੀਵ ਦੇ ਵਿਚ ਰਚਿਆ ਮਿਚਿਆ ਹੈਂ ਤੂੰ, ਤੇਰਾ ਰੂਪ ਹੈ ਦਾਤਾ ! ਅਨੰਦ ਸਾਗਰ !
ਤੇਰੇ ਜਿਹਾ ਨਹੀਂ ਕੋਈ ਵੀ ਹੋਰ ਦੂਜਾ, ਹੈਂ ਅਨੂਪ ਐਸਾ ਪ੍ਰਭੂ ਰਤਨਾਗਰ !

**ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥**
**ਅਨੁਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੨॥**

**ਸ਼ਬਦਾਰਥ**–ਅਨੁਕਤ=ਬਿਆਨ ਤੋਂ ਬਾਹਰ।

**ਭਾਵਾਰਥ**–ਤੂੰ ਸਦਾ ਬਿਆਨ ਤੋਂ ਬਾਹਰ ਹੈਂ, ਤੇਰੇ ਤੇਜ ਤੋਂ ਸਾਰੇ ਅਨੰਦ ਮਾਣ ਰਹੇ ਹਨ। ਤੂੰ ਉਪਮਾ ਰਹਿਤ ਸਭ ਜੀਵਾਂ ਵਿਚ ਚੰਗੀ ਤਰ੍ਹਾਂ ਰਚਿਆ ਮਿਚਿਆ ਹੋਇਆ ਹੈਂ।

**ਕਾਵਿ ਭਾਵਾਰਥ**–

ਤੇਰੇ ਤੇਜ ਤੋਂ ਸਭੀ ਅਨੰਦ ਮਾਨਣ, ਹਸਤੀ ਤੇਰੀ ਬਿਆਨ ਤੋਂ ਬਾਹਰ ਪ੍ਰੀਤਮ !
ਰਚਿਆ ਮਿਚਿਆ ਹੋਇਐਂ ਤੂੰ ਹਰ ਜੀਵ ਅੰਦਰ, ਤੇਰੇ ਜੇਡਾ ਨਹੀਂ ਕੋਈ ਦਾਤਾਰ ਪ੍ਰੀਤਮ !



www.AKJ.Org

# "ਬਾਣੀ ਬੀਚਾਰੀਐ ਜੀਉ"

[ ਵਲੋਂ:—ਪ੍ਰੋ: ਗੁਰਮੁਖ ਸਿੰਘ ਜੀ, ਕਪੂਰਥਲਾ ]

ਸਿੱਖ ਇਤਿਹਾਸ ਦਾ ਉਹ ਸਮਾਂ ਭੀ ਅੱਖਾਂ ਸਾਹਮਣੇ ਆਉਂਦਾ ਹੈ ਜਦੋਂ ਇਤਿਹਾਸ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਵੇਲੇ ਮਹਾਰਾਜ ਇਕ ਸਿੱਖ ਨੂੰ ਤਾਂ ਸ੍ਰੀ ਜਪੁ ਜੀ ਸਾਹਿਬ ਜੀ ਦਾ ਸ਼ੁਧ ਪਾਠ ਸੁਣਾਉਣ ਬਦਲੇ ਗੁਰ-ਗੱਦੀ ਤਕ ਦੇਣ ਨੂੰ ਤਿਆਰ ਹੋ ਜਾਂਦੇ ਹਨ, ਪਰ ਦੂਜੇ ਪਾਸੇ ਇਕ ਸਿਖ ਨੂੰ ਬਾਣੀ ਦੀ ਇਕ ਤੁਕ ਦਾ ਗ਼ਲਤ ਉਚਾਰਨ ਕਰਨ ਕਰਕੇ ਚਪੇੜਾਂ ਮਰਵਾਂਦੇ ਹਨ। ਸਿਖ ਰਾਮਕਲੀ ਮ: ੧ ਦਖਣੀ ਓਅੰਕਾਰ ਦੀ ਬਾਣੀ ਦਾ ਪਾਠ ਸੁਣਾ ਰਿਹਾ ਸੀ। ਮੂਲ ਪਾਠ ਇਉਂ ਸੀ—

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥ ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥

[ਰਾਮਕਲੀ ਮ: ੧, ਪੰਨਾ ੯੩੦

ਇਸ ਤੁਕ ਦਾ ਉਹ ਗ਼ਲਤ ਉਚਾਰਨ ਕਰ ਜਾਂਦਾ ਹੈ, 'ਕੈ' ਦੀ ਥਾਂ ਉਹ "ਕੇ ਜਾਣੈ ਗੁਰੁ ਸੂਰਾ" ਪਾਠ ਕਰ ਜਾਂਦਾ ਹੈ। ਸਚੇ ਪਾਤਸ਼ਾਹ ਨੇ ਉਸ ਨੂੰ ਚਪੇੜਾਂ ਮਰਵਾਈਆਂ ਅਤੇ ਕਿਹਾ ਕਿ ਤੂੰ ਪਾਠ ਕਰਦਿਆਂ ਭਾਵੇਂ ਅਨਭੋਲ ਹੀ ਉਚਾਰਨ ਸੰਬੰਧੀ ਗ਼ਲਤੀ ਕੀਤੀ ਹੈ ਪਰ ਇਸ ਨਾਲ 'ਗੁਰੁ ਸੂਰਾ'—ਗੁਰੂ ਨਾਨਕ ਜੋਤਿ ਦੀ ਨਿਰਾਦਰੀ ਹੋਈ ਹੈ। "ਕੈ ਜਾਣੈ ਗੁਰੁ ਸੂਰਾ" ਦੇ ਅਰਥ ਬਣਦੇ ਹਨ "ਜਾਂ ਗੁਰੂ ਸੂਰਮਾ ਹੀ ਜਾਣਦਾ ਹੈ।" ਭਾਵ ਕਰਤੇ ਕੀ ਮਿਤਿ (ਅੰਦਾਜ਼ਾ, ਪਾਰਾਵਾਰ) ਜਾਂ ਅਕਾਲ ਪੁਰਖ ਆਪ੍ ਜਾਣਦਾ ਹੈ ਜਾਂ ਫਿਰ ਗੁਰੂ ਜੋਤਿ ਗੁਰੂ ਸੂਰਾ ਜਾਣਦਾ ਹੈ। ਪਰ "ਕੇ ਜਾਣੈ ਗੁਰੁ ਸੂਰਾ" ਦੇ ਅਰਥ ਬਣੇ 'ਗੁਰੂ ਸੂਰਾ ਇਸ ਪਾਰਾਵਾਰ ਨੂੰ ਕੀ ਜਾਣੇ।'

ਅਰਥਾਂ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਹੈ। ਉਸ ਸਮੇਂ ਦੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਵਿਆਕਰਣ ਦੀ ਪੂਰੀ ਜਾਣਕਾਰੀ ਸੀ ਅਤੇ ਗੁਰਦੇਵ ਜੀ ਸ਼ੁਧ ਪਾਠ ਕਰਨ ਵਾਲੇ ਪ੍ਰੇਮੀ ਨੂੰ ਗੁਰ-ਗੱਦੀ ਦੇ ਰਹੇ ਸਨ, ਭਾਵੇਂ ਉਸਦੀ ਮਨੋ-ਕਾਮਨਾ ਗੁਰੂ ਸਾਹਿਬ ਦੇ ਇਕ ਵਡ-ਮੁਲੇ ਘੋੜੇ ਵਲ ਚਲੀ ਗਈ। ਪਰ ਸ਼ੁਧ ਪਾਠ ਹੀ ਇਹ ਸੰਕੇਤ ਕਰਦਾ ਹੈ ਕਿ ਪਾਠ ਸ਼ੁਧ ਉਹੀ ਕਰ ਸਕਦਾ ਹੈ ਜੋ ਵਿਆਕਰਣਿਕ ਨਿਯਮਾਂ ਨੂੰ ਸਮਝਦਾ ਹੈ। ਸ਼ਾਇਦ ਉਸ ਦਿਨ ਤੋਂ ਹੀ, ਜਦੋਂ ਤੋਂ ਉਪਰੋਕਤ ਸਜ਼ਾ ਦਾ ਕੌਤਕ ਵਰਤਿਆ ਹੈ, ਖ਼ਾਲਸਾ ਪੰਥ ਵਿਚ ਇਸ ਨੂੰ ਅਰਦਾਸ ਦਾ ਇਕ ਅੰਗ ਹੀ ਬਣਾ ਲਿਆ ਗਿਆ ਹੈ "ਸ਼ੁਧ ਬਾਣੀ ਪੜ੍ਹਨ ਦਾ ਬਲ ਖਾਲਸਾ ਜੀ ਨੂੰ ਬਖ਼ਸ਼ੋ"।

ਪਰ ਇਕ ਸਮਾਂ ਆਇਆ, ਸਿੰਘਾਂ ਨੂੰ ਆਪਣੇ ਪਵਿੱਤਰ ਗੁਰਦੁਆਰੇ ਛੱਡ ਕੇ ਜੰਗਲਾਂ ਵਿਚ ਨਿਵਾਸ ਕਰਨਾ ਪਿਆ। ਪਿਛੇ ਪੰਥ ਵਿੱਚ ਬੀੜਾਂ ਦੇ ਜੋ ਉਤਾਰੇ ਹੁੰਦੇ ਸਨ ਉਹ ਗੁਰੂ ਕੇ ਪ੍ਰੇਮੀਆਂ ਨੇ ਬੜੀ ਸ਼ਰਧਾ ਸਹਿਤ ਉਤਾਰੇ ਕੀਤੇ। ਸਗੋਂ ਸਤਾਰ੍ਹਵੀਂ ਅਤੇ ਅਠ੍ਹਾਰਵੀਂ ਸਦੀ ਵਿਚ ਉਤਾਰੇ ਬੜੀ ਸ਼ਰਧਾ ਪੂਰਵਕ ਹੁੰਦੇ ਰਹੇ। ਪੰਥ ਜੰਗਾਂ ਜੁਧਾਂ ਵਿੱਚ ਰੁਝਾ ਹੋਇਆ ਸੀ। ਬਾਣੀ ਦੀ ਲਿਖਾਈ, ਪੜ੍ਹਾਈ ਦਾ ਸਮੁੱਚਾ ਕੰਮ ਨਿਰਮਲਿਆਂ ਅਤੇ ਉਦਾਸੀਆਂ ਨੇ ਆਪਣੇ ਹੱਥ ਵਿੱਚ ਲਿਆ ਹੋਇਆ ਸੀ। ਉਤਾਰੇ ਚਲਦੇ ਆਏ, ਜਿਨ੍ਹਾਂ ਦੀ ਗਿਣਤੀ ਘਟ ਹੁੰਦੀ ਸੀ, ਅਤੇ ਹਰ ਪ੍ਰੇਮੀ ਕਿਸੇ ਖ਼ਾਸ ਪ੍ਰਮਾਣੀਕ ਬੀੜ ਤੋਂ ਹੀ ਉਤਾਰਾ ਕਰਨ ਦਾ ਜਤਨ ਕਰਦਾ ਸੀ।

ਪਰ ਮਹਾਰਾਜਾ ਰਣਜੀਤ ਸਿੰਘ ਦਾ ਜੁਗ ਆਇਆ। ਉਸ ਸਮੇਂ ਵਿਚ ਬਹੁਤਾ ਜ਼ੋਰ ਗੁਰ-ਦੁਆਰਿਆਂ ਦੀ ਮੁੜ ਕੇ ਉਸਾਰੀ ਕਰਨ ਤੇ ਹੀ ਦਿਤਾ ਗਿਆ। ਇਸ ਸਮੇਂ ਵਿੱਚ ਕੋਈ ਅਜਿਹਾ ਵਿਦਵਾਨ ਸਾਮ੍ਹਣੇ ਨਹੀਂ ਆਉਂਦਾ, ਜੋ ਇਸ ਪਾਸੇ ਧਿਆਨ ਦਿੰਦਾ। ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਦੇ ਹੋਰ ਵਿਦਵਾਨ ਮੁਗਲ ਸਰਕਾਰ ਨੇ 173‿ ਤੋਂ ਪਹਿਲੋਂ ਪਹਿਲੋਂ ਹੀ ਚੁਣ ਚੁਣ ਕੇ ਸ਼ਹੀਦ ਕਰ ਦਿਤੇ ਸਨ। ਰਣਜੀਤ ਸਿੰਘ ਦਾ ਕਾਲ 1799 ਤੋਂ ਚਲ ਕੇ



www.AKJ.Org

1839–50 ਤਕ, ਕਰੀਬ ਅੱਧੀ ਸਦੀ ਤਕ ਚਲਦਾ ਹੈ । ਸਿੱਖ ਫ਼ੌਜਾਂ ਦਾ ਬਹੁਤਾ ਧਿਆਨ ਆਸ ਪਾਸ ਦੇ ਇਲਾਕੇ ਜਿਤਣ ਵਿਚ ਲਗਾ ਰਿਹਾ । ਬਾਣੀ ਬੀਚਾਰਨ ਦਾ ਸਮਾਂ ਕਿਸੇ ਪਾਸ ਨਹੀਂ ਸੀ । ਉਹ ਗੁਰਸਿੱਖ ਹੌਲੀ ਹੌਲੀ ਅਲੋਪ ਹੁੰਦੇ ਗਏ ਜਿਨ੍ਹਾਂ ਨੂੰ ਗੁਰਬਾਣੀ ਅੰਦਰ ਵਰਤੀ ਗਈ ਵਿਆਕਰਣਿਕ ਨਿਯਮਾਵਲੀ ਦੀ ਕੋਈ ਸੂਝ ਸੀ । ਸ਼ਾਇਦ ਉਸ ਸਮੇਂ ਦੀਆਂ ਭਾਜੜਾਂ ਕਾਰਨ ਆਪ ਇਸ ਸੂਝ ਨੂੰ ਆਪਣੀ ਛੋਟੀ ਉਭਰ ਰਹੀ ਪੀੜ੍ਹੀ ਨੂੰ ਨਹੀਂ ਦੇ ਸਕੇ । ਨਤੀਜਾ ਇਹ ਹੋਇਆ ਕਿ ਹੁਣ ਉਤਾਰੇ ਤਾਂ ਸ਼ਰਧਾ ਪ੍ਰੇਮ ਦੇ ਆਸਰੇ ਹੁੰਦੇ ਸਨ, ਪਰ ਗੁਰਬਾਣੀ ਦੀ ਵਿਆਕਰਣਿਕ ਸੋਝੀ ਦੇ ਅਧਾਰ ਤੇ ਨਹੀਂ । ਇਹੋ ਕਾਰਨ ਹੈ ਕਿ ਇਨ੍ਹਾਂ ਬੀੜਾਂ ਵਿਚ ਥਾਂ ਥਾਂ ਸਿਹਾਰੀ, ਔਂਕੜ ਜਾਂ ਲਾਂਵ ਦੀਆਂ ਉਕਾਈਆਂ ਮਿਲਦੀਆਂ ਹਨ । "ਕੈ" ਨੂੰ "ਕੇ" ਉਚਾਰਨ ਦੀ ਸਜ਼ਾ ਤੇ ਗੁਰੂ ਮਹਾਰਾਜ ਨੇ ਦੇ ਦਿਤੀ, ਪਰ ਜੇ ਕੋਈ ਲਿਖਾਰੀ ਭੁਲ ਕੇ "ਕੈ" ਦਾ "ਕੇ" ਲਿਖ ਦੇਵੇ, ਜਾਂ ਕੋਈ ਬੀੜ ਦੀ ਛਪਾਈ ਕਰਨ ਵਾਲੇ ਇਹੋ ਜਿਹੀ ਗ਼ਲਤੀ ਕਰ ਲੈਣ ਤਾਂ ਇਹਨਾਂ ਦਾ ਅਪਰਾਧ ਮੁਆਫ਼ ਕਰਨ ਜੋਗ ਨਹੀਂ । ਬੋਲਣ ਵਾਲਾ ਬੋਲ ਕੇ ਚਲਾ ਗਿਆ । ਉਹ ਮੁਖੋਂ ਉਚਾਰਿਆ ਪਾਠ ਸੀ, ਉਹ ਘਟ ਹੀ ਪਰਚਾਰਿਆ ਜਾਂਦਾ ਹੈ । ਪਰ ਛਾਪੇ ਜਾਂ ਲਿਖਤੀ ਬੀੜਾਂ ਦੀਆਂ ਉਕਾਈਆਂ ਤਾਂ ਅਗੋਂ ਤੁਰਦੀਆਂ ਆਈਆਂ ਹਨ । ਉਹਨਾਂ ਨੂੰ ਠੀਕ ਕੌਣ ਕਰੇ ? ਇਸ ਲਈ ਲੋੜ ਹੈ ਗੁਰਬਾਣੀ ਵਿਆਕਰਣ ਨੂੰ ਸਮਝਣ ਦੀ, ਤਾਂਕਿ ਉਸਦੀ ਨਿਯਮਾਵਲੀ ਅਨੁਸਾਰ ਸ਼ਬਦ-ਜੋੜਾਂ ਦਾ ਨਿਰਣਾ ਕੀਤਾ ਜਾ ਸਕੇ ।

----

# ਸਾਨੂੰ ਤਨ ਨਾਲੋਂ ਧਰਮ ਪਿਆਰਾ

[ਵਲੋਂ :—ਭਾਈ ਭਜਨ ਸਿੰਘ ਜੀ ਭਿੰਡਰ]

ਭਾਈ ਦਿਆਲੇ ਨੂੰ ਸੀ ਦੇਗ ਵਿਚ ਕਾੜ੍ਹਿਆ ।
ਸਤੀ ਦਾਸ ਨੂੰ ਸੀ ਅੱਗ ਵਿਚ ਸਾੜਿਆ ।
ਮਤੀ ਦਾਸ ਦੇ ਚਲਾਇਆ ਸੀਸ ਆਰਾ ।
ਸਾਨੂੰ ਤਨ ਨਾਲੋਂ ਧਰਮ ਪਿਆਰਾ ।੧।
ਅੰਗ ਅੰਗ ਮਨੀ ਸਿੰਘ ਨੇ ਕਟਾਇਆ ਸੀ ।
ਤਾਰੂ ਸਿੰਘ ਨੇ ਖੋਪਰਾ ਲੁਹਾਇਆ ਸੀ ।
ਬਦਲੇ ਧਰਮ, ਦੁਖ ਝਲੇ ਨੇ ਹਜਾਰਾਂ ।
ਸਾਨੂੰ ਤਨ ਨਾਲੋਂ ਧਰਮ ਪਿਆਰਾ ।੨।
ਦੁਸ਼ਟਾਂ, ਸਿੰਘਾਂ ਤਾਈਂ ਚਰਖੜੀ ਚੜ੍ਹਾਇਆ ਸੀ ।
ਬਦਲੇ ਧਰਮ, ਸਿਖਾਂ ਸੀਸ ਨੂੰ ਕਟਾਇਆ ਸੀ ।
ਕੋਈ ਸਿੰਘ ਨਹੀਂ ਧਰਮ ਵਿਚੋਂ ਹਾਰਾ ।
ਸਾਨੂੰ ਤਨ ਨਾਲੋਂ ਧਰਮ ਪਿਆਰਾ ।੩।
ਅੰਮ੍ਰਿਤ ਛਕ ਕੇ ਬਾਣੀ ਨੂੰ ਸਦਾ ਗਾਵਾਂਗੇ ।
ਪਖੰਡੀ ਗੁਰੂਆਂ ਨੂੰ ਸੀਸ ਨਹੀਂ ਝੁਕਾਵਾਂਗੇ ।
ਸਾਡਾ ਬਾਣੀ ਤੇ ਭਰੋਸਾ ਭਾਰਾ ।
ਸਾਨੂੰ ਤਨ ਨਾਲੋਂ ਧਰਮ ਪਿਆਰਾ ।੪।
ਸਦਾ ਸਦਾ ਅਸੀਂ ਵਾਹਿਗੁਰੂ ਧਿਆਵਾਂਗੇ ।
ਭਰੋਸਾ ਅਕਾਲ ਉਤੇ ਰਖ ਵਧੀ ਜਾਵਾਂਗੇ ।
ਸਿੰਘਾਂ ਦਾ 'ਭਜਨ' ਹੈ ਕੌਮੀ ਨਾਹਰਾ ।
ਸਾਨੂੰ ਤਨ ਨਾਲੋਂ ਧਰਮ ਪਿਆਰਾ ।

ਮੇਰੀ ਬੰਦਨਾ ਇਕ ਓਅੰਕਾਰ ਨੂੰ, ਜਿਸ ਦਾ ਭੇਤ ਕਿਸੇ ਨਹੀਂ ਪਾਇਆ ।
ਜੀਵ ਲਖ ਚੌਰਾਸੀ ਸਾਜ ਕੇ, ਹਰ ਇਕ ਵਿਚ ਆਪ ਸਮਾਇਆ ।
ਖੰਡ ਬ੍ਰਹਿਮੰਡ ਕਈ ਸਾਜ ਉਸ, ਅਜੀਬ ਹੀ ਖੇਲ ਰਚਾਇਆ ।
ਸਾਜ ਬ੍ਰਹਮਾ ਵਿਸ਼ਨੂੰ ਦੇਵਤੇ, ਵਾਹ ਸ੍ਰਿਸ਼ਟੀ ਤਾਈਂ ਬਣਾਇਆ ।
ਕੀਤੇ ਰਾਕਸ਼ ਤੇ ਕਈ ਦੇਵਤੇ, ਉਸਦਾ ਅੰਤ ਕਿਸੇ ਨਹੀਂ ਪਾਇਆ ।
ਉਹ ਹਰ ਜੀਵ ਵਿਚ ਵਸਦਾ, ਸਭ ਉਸ ਦਾ ਹੈ ਰੁਸ਼ਨਾਇਆ ।
ਉਹ ਇਕੋ ਇਕ ਓਅੰਕਾਰ ਹੈ, 'ਭਜਨ' ਉਸ ਨੂੰ ਸੀਸ ਝੁਕਾਇਆ ।



www.AKJ.Org

# ਸੰਸਾਰ ਵਿਚ ਕੇਸ਼ਾਂ ਬਾਰੇ ਹੋਈ ਵਿਗਿਆਨਕ ਖੋਜ

[ਵਲੋਂ :—ਸ: ਸਰੂਪ ਸਿੰਘ ਜੀ ਅਲਗ, ਭਾਸ਼ਾ ਅਫ਼ਸਰ, ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ]

> ਪੱਛਮੀ ਦੇਸਾਂ ਵਿਚ ਕੇਸ਼ਾਂ ਦੀ ਮਹੱਤਤਾ ਦਿਨੋ ਦਿਨ ਵਧਦੀ ਜਾ ਰਹੀ ਹੈ ਅਤੇ ਇਸ ਬਾਰੇ ਨਵੀਨ ਖੋਜ ਹੋ ਰਹੀ ਹੈ। ਉਸ ਖੋਜ ਦੇ ਅਧਾਰ ਤੇ ਇਹ ਲੇਖ ਬਹੁਤ ਜ਼ਰੂਰੀ ਹੋਣ ਕਰਕੇ ਹੇਠਾਂ ਦਿਤਾ ਜਾ ਰਿਹਾ ਹੈ।
> —ਸੰਪਾਦਕ

ਪ੍ਰਮਾਤਮਾ ਨੇ ਮਨੁੱਖ ਦੇ ਸਰੀਰ ਤੇ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫ਼ਜ਼ੂਲ ਹੋਵੇ। ਇਸ ਨਜ਼ਰੀਏ ਨੂੰ ਮੰਨਦਿਆਂ ਹੋਇਆਂ ਇਹੀ ਕਿਹਾ ਜਾ ਸਕਦਾ ਹੈ ਕਿ ਕੇਸ ਕਟਵਾਣਾ ਵਾਹਿਗੁਰੂ ਵਲੋਂ ਦਿਤੀ ਹੋਈ ਇਕ ਦਾਤ ਨੂੰ ਅਪਰਵਾਨ ਕਰਨਾ ਹੈ। ਸੰਸਾਰ ਭਰ 'ਚ ਪੁਰਾਣੇ ਸਮਿਆਂ ਤੋਂ ਹਰ ਕਿਸਮ ਦੇ ਲੋਕੀ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਸਨ ਅਤੇ ਇਹਨਾਂ ਨੂੰ ਕਟਵਾਣਾ ਸ਼ਰਮਨਾਕ ਅਤੇ ਬੇ-ਇਜ਼ਤੀ ਵਾਲੀ ਹਰਕਤ ਸਮਝਦੇ ਸਨ। ਇਤਿਹਾਸ ਗਵਾਹ ਹੈ ਕਿ ਸਾਰੇ ਰਿਸ਼ੀਆਂ ਮੁੰਨੀਆਂ ਅਤੇ ਪੀਰਾਂ ਪੈਗੰਬਰਾਂ ਨੇ ਵੀ ਦਾੜ੍ਹੀਆਂ ਅਤੇ ਕੇਸ ਰਖੇ। ਕਹਿੰਦੇ ਹਨ ਮਨੂੰ ਨੇ ਪਹਿਲੀ ਵਾਰ ਬ੍ਰਾਹਮਣਾਂ ਉਤੇ ਇਹ ਸਜ਼ਾ ਲਗਾਈ ਸੀ ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਇਹਨਾਂ ਨੂੰ ਜਾਨੋਂ ਮਾਰਨ ਦੀ ਥਾਂ ਉਹਨਾਂ ਦਾ ਸਿਰ ਮੂੰਹ ਮੁੰਨ ਦਿਤਾ ਜਾਵੇ। ਇਹ ਉਹਨਾਂ ਲਈ ਮੌਤ ਨਾਲੋਂ ਵੀ ਵਧ ਸਜ਼ਾ ਗਿਣੀ ਜਾਂਦੀ ਸੀ। ਪੁਰਾਣੇ ਸਮਿਆਂ ਵਿਚ ਇਸੇ ਕਿਸਮ ਦਾ ਹੀ ਰਿਵਾਜ ਯੂਨਾਨ ਵਿਚ ਪਰਚਲਤ ਸੀ। ਮੁਸਲਮਾਨਾਂ ਵਿਚ ਵੀ ਹਾਜੀ ਨੂੰ ਹਜ ਦਾ ਸਵਾਬ ਨਹੀਂ ਮਿਲਦਾ, ਜੇਕਰ ਉਹ ਲੰਬੀ ਦਾੜ੍ਹੀ ਨਾ ਰਖੇ। ਔਰੰਗਜ਼ੇਬ ਇਕ ਕਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਰਖਦਾ ਸੀ। ਉਸ ਨੇ ਇਕ ਲੰਬੀ ਦਾੜ੍ਹੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ, ਪਰ ਜਦ ਉਸ ਨੂੰ ਪਤਾ ਲਗਾ ਕਿ ਇਹ ਹਾਜੀ ਨਹੀਂ, ਹਿੰਦੂ ਹੈ, ਤਾਂ ਕਰੋਧ ਵਿਚ ਆ ਕੇ ਉਸ ਨੇ ਇਸ ਗੱਲ ਦੀ ਬੰਦਸ਼ ਲਗਾ ਦਿਤੀ ਕਿ ਉਸ ਦੇ ਰਾਜ ਵਿਚ ਕੋਈ ਵੀ ਹਿੰਦੂ ਨਾ ਤਾਂ ਦਾੜ੍ਹੀ ਰਖ ਸਕਦਾ ਹੈ ਅਤੇ ਨਾ ਪਗ ਬੰਨ੍ਹ ਸਕਦਾ ਹੈ। ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿਖ ਕੌਮ ਦੇ ਸਰਬ-ਨਾਸ਼ ਕਰਨ ਦੇ ਮਨਸੂਬੇ ਬਣਾਏ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਤਦ ਹਿੰਦੂਆਂ ਨੂੰ ਇਹ ਵਿਸ਼ੇਸ਼ ਹੁਕਮ ਦਿਤਾ ਗਿਆ ਕਿ ਉਹ ਆਪਣੀ ਦਾੜ੍ਹੀ ਤੇ ਕੇਸ ਕਤਲ ਕਰਵਾ ਦੇਣ, ਤਾਂ ਜੁ ਕਿਸੇ ਸਿਖ ਦੇ ਭੁਲੇਖੇ ਵਿਚ ਉਨ੍ਹਾਂ ਦੀ ਜਾਨ ਐਵੇਂ ਨਾ ਚਲੀ ਜਾਵੇ। ਮੁਗ਼ਲੀਆ ਰਾਜ ਦੇ ਅਜਿਹੇ ਤੰਗ-ਦਿਲੀ ਵਾਲੇ ਆਦੇਸ਼ਾਂ ਨਾਲ ਵਾਲ ਕਟਣ ਦਾ ਰਿਵਾਜ ਹੋਰ ਵਧਿਆ, ਜਿਹੜਾ ਅਜ ਫ਼ੈਸ਼ਨ-ਪ੍ਰਸਤੀ ਦਾ ਇਕ ਚਿੰਨ੍ਹ ਬਣ ਗਿਆ ਹੈ।

ਪੱਛਮ ਵਿਚ ਹੋਈ ਤਾਜ਼ਾ ਖੋਜ ਅਨੁਸਾਰ ਇਹ ਨਿਰਣਾ ਲਿਆ ਗਿਆ ਹੈ ਕਿ ਕੇਸ ਮਨੁਖੀ ਸਰੀਰ ਵਿਚ ਵਿਟਾਮਿਨ 'ਡੀ' ਪੈਦਾ ਕਰਨ ਲਈ ਫ਼ੈਕਟਰੀ ਦਾ ਕੰਮ ਕਰਦੇ ਹਨ। ਵਿਟਾਮਿਨ 'ਡੀ' ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ (Nervous System) ਲਈ ਬਹੁਤ ਹੀ ਜ਼ਰੂਰੀ ਤਤ ਹੈ, ਜਿਹੜਾ ਅਜ ਕਲ ਦੁਰਲਭ ਹੈ। ਇਸ ਦਾ ਕਾਰਨ ਇਹ ਹੈ ਕਿ ਜਦ ਤੋਂ ਅਸੀਂ ਸਬਜ਼ੀਆਂ ਅਤੇ ਅਨਾਜਾਂ ਨੂੰ ਕੀੜੇ-ਮਾਰ ਦਵਾਈਆਂ ਰਾਹੀਂ ਬਚਾਉਣ ਦੇ ਉਪਰਾਲੇ ਸ਼ੁਰੂ ਕੀਤੇ ਹਨ, ਉਦੋਂ ਦਾ ਹੀ ਵਿਟਾ-ਮਿਨ 'ਡੀ' ਇਨ੍ਹਾਂ ਸਬਜ਼ੀਆਂ ਆਦਿ ਵਿਚੋਂ ਕਾਫ਼ੀ ਮਾਤਰਾ ਵਿਚ ਨਸ਼ਟ ਹੁੰਦਾ ਜਾ ਰਿਹਾ ਹੈ। ਜਿਸ ਦੇ ਫਲ-ਸਰੂਪ ਸਮੁਚੇ ਸੰਸਾਰ ਵਿਚ ਵਿਟਾਮਿਨ 'ਡੀ' ਦੀ ਭਾਰੀ ਕਮੀ ਮਹਿਸੂਸ ਹੋਣ ਲਗ ਪਈ ਹੈ। ਵਿਕਸਿਤ ਦੇਸ਼ਾਂ ਨੇ ਇਸ ਕਮੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਬਨਾਵਟੀ ਤੌਰ ਤੇ ਵਿਟਾਮਿਨ 'ਡੀ' ਤਿਆਰ



www.AKJ.Org

ਕਰ ਕੇ ਬੱਚਿਆਂ ਦੀ ਖ਼ੁਰਾਕ ਵਿਚ ਰਲਾਉਣਾ ਸ਼ੁਰੂ ਕਰ ਦਿਤਾ ਹੈ, ਤਾਂ ਜੁ ਉਹ ਵਡੇ ਹੋ ਕੇ ਅਜਿਹੀ ਹਸਤੀ ਦੇ ਮਾਲਕ ਨਾ ਬਣਨ ਜਿਹੜੀ ਸਰੀਰ ਦੇ ਪਖੋਂ ਦੁਰਬਲ ਅਤੇ ਮਾਨਸਕ ਤੌਰ ਤੇ ਉਖੜੀ ਪੁਖੜੀ ਹੋਵੇ। ਨਵੀਂ ਖੋਜ ਨੇ ਇਹ ਸਿਧ ਕੀਤਾ ਹੈ ਕਿ ਸਿਰ ਦੇ ਵਾਲ ਜਿਤਨੇ ਲੰਬੇ ਹੋਣਗੇ ਉਨ੍ਹਾਂ ਵਿਚਲਾ ਤੇਲ ਸੂਰਜ ਦੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵਧ ਵਿਟਾਮਿਨ 'ਡੀ' ਪੈਦਾ ਕਰੇਗਾ। ਇਸ ਲਈ ਵਾਲ ਰਖਣਾ ਸਿਹਤ ਅਤੇ ਮਾਨਸਕ ਅਵਸਥਾ ਦੋਹਾਂ ਲਈ ਜ਼ਰੂਰੀ ਹੈ। ਇਹ ਵੀ ਸਾਬਤ ਕੀਤਾ ਜਾ ਚੁਕਾ ਹੈ ਕਿ ਜੇਕਰ ਕੇਸਾਂ ਨੂੰ ਸਿਰ ਦੀ ਚੋਟੀ ਉਤੇ ਵਲੇਵਾਂ ਦੇ ਕੇ ਜੂੜੇ ਦੀ ਸ਼ਕਲ ਵਿਚ ਸੰਵਾਰਿਆ ਜਾਵੇ ਤਾਂ ਉਹ ਸੂਰਜ ਸ਼ਕਤੀ ਨੂੰ ਵਧ ਤੋਂ ਵਧ ਮਾਤਰਾ ਵਿਚ ਇਵੇਂ ਆਪਣੇ ਵਿਚ ਸਮੋਣ ਦੀ ਸ਼ਕਤੀ ਰਖਦੇ ਹਨ ਜਿਸ ਤਰ੍ਹਾਂ ਟੈਲੀਵੀਜ਼ਨ ਦਾ ਐਨਟੈਨਾ ਵਾਤਾਵਰਨ ਵਿਚੋਂ ਚਿਤਰ-ਰੇਖਾਵਾਂ ਖਿਚਣ ਦੀ ਸ਼ਕਤੀ ਰਖਦਾ ਹੈ। ਟੈਕੀਟਸ ਦੇ ਕਥਨ ਅਨੁਸਾਰ ਪ੍ਰਾਚੀਨ ਜਰਮਨ, ਸਿਰਾਂ ਉਤੇ ਲੰਬੇ ਵਾਲਾਂ ਦਾ ਜੂੜਾ ਕਰਦੇ ਹੁੰਦੇ ਸਨ।

ਜੇਕਰ ਅਸੀਂ ਸਿਰ ਦੇ ਵਾਲਾਂ ਨੂੰ ਨਾ ਕੱਟੀਏ ਤਾਂ ਉਹ ਇਕ ਖ਼ਾਸ ਲੰਬਾਈ ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਦੇਖ-ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਪ੍ਰਤੀ-ਸ਼ਤ ਰੋਜ਼ ਖ਼ਰਚ ਹੋ ਜਾਂਦਾ ਹੈ; ਜਿਹੜੀ ਅਸੀਂ ਸਾਰੇ ਦਿਨ ਵਿਚ ਵਖ ਵਖ ਖ਼ੁਰਾਕ ਖਾ ਕੇ ਸਰੀਰ ਵਿਚ ਲਿਜਾਂਦੇ ਹਾਂ। ਪਰ ਵਾਲ ਕਟਵਾਉਣ ਨਾਲ ਇਸ ਤੋਂ ਕਈ ਗੁਣਾ ਜ਼ਿਆਦਾ ਪ੍ਰੋਟੀਨ ਨਸ਼ਟ ਹੁੰਦੀ ਹੈ; ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਉਣ ਵਿਚ ਹੀ ਖ਼ਰਚ ਹੁੰਦੀ ਰਹਿੰਦੀ ਹੈ। ਕਟੇ ਹੋਏ ਵਾਲ ਤੀਜੇ ਦਿਨ ਇੰਚ ਦਾ ਅਠਵਾਂ ਹਿਸਾ ਵਧ ਜਾਂਦੇ ਹਨ ਅਤੇ ਇਸ ਤਰ੍ਹਾਂ ਜੇਕਰ ਇਸ ਵਾਧੇ ਨੂੰ ਇਕੋ ਵਾਲ ਉਤੇ ਹੀ ਨਾਪਿਆ ਜਾਵੇ ਤਾਂ ਕੇਸ ਕਟਵਾਉਣ ਵਾਲੇ ਸਜਣ ਹਰ ਤੀਜੇ ਦਿਨ ਦੋ ਸੌ ਸਾਢੇ ਅਠ ਫ਼ੁਟ ਲੰਬਾ ਇਕ ਵਾਲ ਆਪਣੇ ਸਰੀਰ ਵਿਚੋਂ ਸ਼ਕਤੀ ਸਰਫ਼ ਕਰਕੇ ਤਿਆਰ ਕਰਦੇ ਹਨ ਅਤੇ ਫਿਰ ਉਸਨੂੰ ਨਸ਼ਟ ਕਰਦੇ ਹਨ। ਕੇਸ ਕਟਵਾਉਣ ਦਾ ਇਕ ਨੁਕਸਾਨ ਇਹ ਵੀ ਮੰਨਿਆ ਗਿਆ ਹੈ ਕਿ ਜਿਹੜੀ ਸ਼ਕਤੀ ਦਿਮਾਗ਼ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ, ਅਸੀਂ ਉਸਦਾ ਸਰੋਤ ਹੀ ਬੰਦ ਕਰ ਦਿਤਾ ਹੈ। ਇਸ ਤੋਂ ਇਹ ਮਤਲਬ ਨਹੀਂ ਕਿ ਕੇਸਹੀਨ ਸ਼੍ਰੇਣੀਆਂ ਵਿਚ ਦਿਮਾਗ਼ੀ ਤੌਰ ਤੇ ਪ੍ਰਫੁਲਤ ਵਿਅਕਤੀਆਂ ਦੀ ਘਾਟ ਹੈ, ਪਰ ਇਤਨਾ ਜ਼ਰੂਰ ਹੈ ਕਿ ਉਹਨਾਂ ਨੇ ਵਿਸਰ-ਭੋਲੇ ਹੀ ਉਸ ਸੋਮੇ ਨੂੰ ਬਰਬਾਦ ਕਰ ਦਿਤਾ ਹੈ ਜਿਸ ਨੇ ਦਿਮਾਗ਼ ਵਿਚ ਵਧੇਰੇ ਸ਼ਕਤੀ ਦਾ ਸਿੰਚਾਰ ਕਰਨਾ ਸੀ। ਹਾਂ, ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜ੍ਹੀਆਂ ਦਰ-ਪੀੜ੍ਹੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਸੀਂ ਦਿਮਾਗ਼ੀ ਪਤਣ ਵਲ ਵਧ ਰਹੇ ਹਾਂ।

ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ-ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਠੋਡੀ ਨੂੰ ਸਮਝਿਆ ਜਾਂਦਾ ਹੈ। ਇਸ ਲਈ ਜਿਸ ਤਰ੍ਹਾਂ ਸਿਰ ਦੇ ਵਾਲ ਸੂਰਜ ਤੋਂ ਸ਼ਕਤੀ ਗ੍ਰਹਿਣ ਕਰ ਕੇ ਦਿੰਦੇ ਹਨ ਉਸੇ ਤਰ੍ਹਾਂ ਦਾੜ੍ਹੀ ਦੇ ਵਾਲ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿਚ ਲਿਆਉਂਦੇ ਹਨ ਅਤੇ ਇਹਨਾਂ ਵਿਚ ਇਕ ਹੋਰ ਖ਼ੂਬੀ ਇਹ ਹੁੰਦੀ ਹੈ ਕਿ ਇਹ ਵਾਤਾਵਰਨ ਵਿਚ ਭਰੀਆਂ ਪਈਆਂ ਨੁਕਸਾਨ-ਦੇਹ ਤਰੰਗਾਂ ਆਦਿ ਨੂੰ ਦਿਮਾਗ ਵਿਚ ਜਾਣ ਤੋਂ ਰੋਕਦੇ ਹਨ, ਜਿਸ ਦੇ ਫਲਸਰੂਪ ਗ਼ਮਗ਼ੀਨੀ, ਅਧਿਕ ਭਾਵੁਕਤਾ, ਨਿੰਮੋ-ਝੂਣਤਾ ਤੇ ਮਾਨਸਕ ਬਿਖੜੇਪਨ ਨੂੰ ਠਲ੍ਹ ਪੈਂਦੀ ਹੈ ਅਤੇ ਦਲੇਰੀ, ਖ਼ੁਸ਼-ਤਬੀਅਤੀ, ਖ਼ੁਸ਼-ਅਸਲੂਬੀ, ਚੜ੍ਹਦੀ ਕਲਾ ਤੇ ਉਦਮ-ਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ।

ਇਸ ਦੇ ਉਲਟ ਔਰਤਾਂ ਦੀ ਦਾੜ੍ਹੀ ਨਹੀਂ ਹੁੰਦੀ। ਅਜਿਹਾ ਸ਼ਾਇਦ ਪ੍ਰਮਾਤਮਾ ਨੇ ਇਨ੍ਹਾਂ ਦੀ ਕੋਮਲਤਾ ਅਤੇ ਖ਼ੂਬਸੂਰਤੀ ਨੂੰ ਮੁਖ ਰਖਦਿਆਂ ਕੀਤਾ ਹੋਵੇਗਾ। ਜੇ ਔਰਤਾਂ ਦੀ ਸੁੰਦਰਤਾ ਠੋਡੀ ਤੇ ਵਾਲ ਨਾ ਆਉਣ ਵਿਚ ਹੈ ਤਾਂ ਅਵੱਸ਼ ਹੀ ਮਰਦ ਦੀ ਸੁੰਦਰਤਾ ਤੇ ਸੂਰਬੀਰਤਾ ਉਸ ਦੀ ਦਾੜ੍ਹੀ ਦੇ ਰੋਮਾਂ ਤੇ ਨਿਰਭਰ



www.AKJ.Org

ਕਰਦੀ ਹੈ। ਇਸ ਗੱਲ ਦਾ ਮੁਆਵਜ਼ਾ ਦੇਣ ਲਈ ਰੱਬ ਨੇ ਔਰਤਾਂ ਨੂੰ ਦਾੜ੍ਹੀ ਦੇ ਵਾਲਾਂ ਤੋਂ ਵਾਂਝਿਆਂ ਰਖ ਕੇ ਇਕ ਵਡਮੁਲੇ ਸੋਮੇ ਤੋਂ ਹੀਣਾ ਕਰ ਦਿਤਾ ਹੈ। ਇੰਨ੍ਹਾਂ ਦੇ ਤਾਂਤਰਿਕ ਸਿਸਟਮ ਨੂੰ ਆਦਮੀ ਨਾਲੋਂ ੧੯ ਗੁਣਾ ਜ਼ਿਆਦਾ ਮਜਬੂਤ ਬਣਾ ਦਿਤਾ ਗਿਆ ਹੈ। ਹੋ ਸਕਦਾ ਹੈ ਕਿ ਇਸੇ ਕਾਰਨ ਹੀ ਔਰਤਾਂ ਮਰਦਾਂ ਦੇ ਮੁਕਾਬਲੇ ਵਿਚ ਜ਼ਿਆਦਾ ਸਹਿਨਸ਼ੀਲ, ਹਲੀਮ ਤੇ ਮਿਠ-ਬੋਲੜੀਆਂ ਹਨ——ਜਿਹੜੇ ਔਰਤਾਂ ਦੇ ਮੂਲ ਗੁਣ ਹਨ।

ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ, ਉਵੇਂ ਹੀ ਇਹਨਾਂ ਦੀ ਸੰਭਾਲ ਅਤੇ ਦੇਖ-ਰੇਖ ਬਾਰੇ ਵੀ ਕੁਝ ਤਤ ਕਢੇ ਗਏ ਹਨ। ਜੇਕਰ ਕੇਸਾਂ ਨੂੰ ਢਕ ਕੇ ਰਖਿਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਵਿਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲਗ ਜਾਂਦੇ ਹਨ। ਢਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਉਗਦੇ ਹਨ। ਬਹੁਤੇ ਧਰਮਾਂ ਵਿਚ ਇਹ ਰਿਵਾਜ ਹੈ ਕਿ ਜਦ ਕੋਈ ਵਿਅਕਤੀ ਧਾਰਮਕ ਅਸਥਾਨ ਵਿਚ ਜਾਂਦਾ ਹੈ ਤਾਂ ਉਹ ਸਿਰ ਢਕ ਕੇ ਜਾਂਦਾ ਹੈ। ਜਦ ਅਸੀਂ ਪਾਠ-ਪੂਜਾ ਕਰਨੀ ਹੁੰਦੀ ਹੈ ਤਾਂ ਵੀ ਅਸੀਂ ਸਿਰ ਢਕ ਕੇ ਬੈਠਦੇ ਹਾਂ। ਇਸ ਦਾ ਇਹ ਕਾਰਨ ਹੈ ਕਿ ਢਕੇ ਹੋਏ ਸਿਰ ਨਾਲ ਸਾਡੇ ਵਾਲ ਸਾਡੇ ਦਿਮਾਗ ਵਿਚ ਵਧੇਰੇ ਸ਼ਕਤੀ ਲਿਆਉਂਦੇ ਹਨ, ਕਿਉਂਕਿ ਬਿਰਤੀ ਲਗੇ ਹੋਣ ਦੀ ਅਵਸਥਾ ਵਿਚ ਅਸੀਂ ਉਸ ਸਮੇਂ ਵਧੇਰੇ ਸ਼ਕਤੀ ਦੀ ਵਰਤੋਂ ਕਰ ਰਹੇ ਹੁੰਦੇ ਹਾਂ, ਪਰ ਅਜ ਕਲ ਇਤਨੀ ਮਹੱਤਵਪੂਰਨ ਗੱਲ ਨੂੰ ਅਣਗੌਲਿਆ ਸੁਟ ਕੇ ਅਸੀਂ ਸਿਰਫ਼ ਰਿਵਾਜੀ ਤੌਰ ਤੇ ਹੀ ਕੇਸਾਂ ਨੂੰ ਢਕ ਕੇ ਧਾਰਮਕ ਅਸਥਾਨਾਂ ਵਿਚ ਜਾਂਦੇ ਹਾਂ।

ਕੇਸ ਕਿਸ ਚੀਜ਼ ਨਾਲ ਢਕਣੇ ਹਨ, ਇਸ ਬਾਰੇ ਵੀ ਕਾਫ਼ੀ ਗੰਭੀਰ ਖੋਜ ਹੋਈ ਹੈ। ਜੇਕਰ ਕੇਸ ਕਿਸੇ ਸੂਤੀ ਕਪੜੇ ਨਾਲ ਢਕੇ ਜਾਣ ਤਾਂ ੧੦੦ ਪ੍ਰਤੀ-ਸ਼ਤ ਸੂਰਜੀ ਸ਼ਕਤੀ ਉਸ ਸੂਤੀ ਕਪੜੇ ਵਿਚੋਂ ਨਿਕਲ ਕੇ ਕੇਸਾਂ ਤਕ ਪਹੁੰਚਦੀ ਹੈ ਅਤੇ ਹੋਰ ਕਿਸੇ ਪ੍ਰਕਾਰ ਦਾ ਕਪੜਾ ਅਜਿਹੇ ਗੁਣ ਨਹੀਂ ਰਖਦਾ।

ਕੇਸ ਸਾਫ਼ ਸੁਥਰੇ ਹੋਣ ਦੀ ਸੂਰਤ ਵਿਚ ਉਹ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਕਰ ਸਕਦੇ ਹਨ। ਪਲਾਸਟਕ ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖ਼ਤਰਨਾਕ ਹੋ ਸਕਦਾ ਹੈ, ਕਿਉਂਕਿ ਉਹ ਕੇਸਾਂ ਵਿਚ ਅਚੱਲ ਬਿਜਲੀ ਪੈਦਾ ਕਰਦਾ ਹੈ, ਜਿਹੜੀ ਕੇਸਾਂ ਦੇ ਮੂਲ ਸੋਮੇ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਲਈ ਨਵੀਂ ਖੋਜ ਅਨੁਸਾਰ ਕੇਸ ਲੱਕੜ ਦੇ ਕੰਘੇ ਨਾਲ ਵਾਹੁਣੇ ਚਾਹੀਦੇ ਹਨ, ਜਿਹੜਾ ਕੇਸਾਂ ਨੂੰ ਹਰ ਲਿਹਾਜ਼ ਨਾਲ ਸਵੱਛਤਾ ਪਰਦਾਨ ਕਰਦਾ ਹੈ। ਇਹ ਗੱਲਾਂ ਅਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲਗ ਸਕੀਆਂ ਹਨ। ਪਰ ਮਹਾਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅਜ ਤੋਂ ੩੦੦ ਸਾਲ ਪਹਿਲਾਂ ਇਨ੍ਹਾਂ ਬਾਰੇ ਸਾਨੂੰ ਸੁਚੇਤ ਕੀਤਾ ਸੀ।

ਜਦ ਅਸੀਂ ਭਗਤੀ ਜਾਂ ਪੂਜਾ-ਪਾਠ ਵਿਚ ਪੂਰੀ ਤਰ੍ਹਾਂ ਲੀਨ ਹੁੰਦੇ ਹਾਂ ਤਾਂ ਸਾਡੇ ਸਰੀਰ ਵਿਚ ਕੰਮ ਕਰ ਰਿਹਾ ਮਿਕਨਾਤੀਸੀ ਖੇਤਰ ਬਹੁਤ ਸਰਗਰਮ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ ਅਤੇ ਜਿਉਂ ਜਿਉਂ ਮਨੁੱਖ ਭਗਤੀ ਵਿਚ ਜ਼ਿਆਦਾ ਲਗਨਸ਼ੀਲ ਹੁੰਦਾ ਜਾਂਦਾ ਹੈ ਤਿਉਂ ਤਿਉਂ ਇਹ ਮਿਕਨਾਤੀਸੀ ਖੇਤਰ ਆਪਣੇ ਸਰਬਵਿਆਪੀ ਮਿਕਨਾਤੀਸੀ ਖੇਤਰ ਵਿਚੋਂ ਵਧੇਰੇ ਸ਼ਕਤੀ ਖਿਚਦਾ ਹੈ ਅਤੇ ਇਸ ਤਰ੍ਹਾਂ ਦਿਮਾਗ ਵਿਚ ਇਕ ਖ਼ਾਸ ਕਿਸਮ ਦੀ ਅਵਾਜ਼ ਉਤਪੰਨ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਅਸੀਂ ਅਨਾਦੀ ਧੁੰਨ ਦਾ ਨਾਂ ਦਿੰਦੇ ਹਾਂ। ਇਹ ਕਾਰਜ ਢਕੇ ਹੋਏ, ਸਾਫ਼ ਸੁਥਰੇ ਸਵੱਛ ਲੰਬੇ ਕੇਸਾਂ ਕਰਕੇ ਜ਼ਿਆਦਾ ਤੇਜ਼ੀ ਨਾਲ ਅਮਲ ਵਿਚ ਆਉਂਦਾ ਹੈ।

ਖ਼ੁਦ, ਭਾਰਤ ਦੇ ਸੂਬਾ ਬੰਗਾਲ ਵਿਚ ਵੀ ਇਕ ਵਾਰੀ ਮਾਹਰ ਡਾਕਟਰਾਂ ਦੀ ਟੋਲੀ ਨੇ ਇਲਾਕੇ ਵਿਚ ਪਰਚਲਤ ਹੱਡੀਆਂ ਦੇ ਇਕ ਰੋਗ ਦੇ ਕਾਰਨਾਂ ਬਾਰੇ ਸਰਵੇਖਣ ਕਰ ਕੇ, ਇਹ ਨਿਰਣਾ ਲਿਆ ਕਿ ਹੱਡੀਆਂ ਦਾ ਰੋਗ ਉਨ੍ਹਾਂ ਵਿਅਕਤੀਆਂ ਨੂੰ ਜ਼ਿਆਦਾ ਲਗਦਾ ਹੈ ਜਿਨ੍ਹਾਂ ਦੇ ਕੇਸ ਨਹੀਂ ਹਨ। ਬੰਗਾਲਣ ਔਰਤਾਂ ਆਪਣੇ ਲੰਬੇਵਾਲਾਂ ਕਰਕੇ ਆਮ ਤੌਰ ਤੇ ਇਸ



www.AKJ.Org

ਬਿਮਾਰੀ ਤੋਂ ਮੁਕਤ ਹਨ। ਇਹ ਸਰਵੇਖਣ ਇਕ ਦੋ ਵਿਅਕਤੀਆਂ ਤੇ ਅਧਾਰਤ ਜਾਂਚ ਤੇ ਨਿਰਭਰ ਨਹੀਂ ਸੀ, ਸਗੋਂ ਇਸ ਲਈ ਹਜ਼ਾਰਾਂ ਵਿਅਕਤੀਆਂ ਨੂੰ ਟੈਸਟ ਕੀਤਾ ਗਿਆ।

ਸਰੀਰ ਦੇ ਵਾਲਾਂ ਦੇ ਉਪਰੋਕਤ ਕੁਝ ਇਕ ਪ੍ਰਮਾਣਿਕ ਗੁਣਾਂ ਕਾਰਨ ਅਸੀਂ ਸਮਝਦੇ ਹਾਂ ਕਿ ਇਹਨਾਂ ਨੂੰ ਰਖਣਾ ਇਕ ਅਵਸ਼ਕਤਾ ਹੈ। ਕੁਝ ਲੋਕੀ ਤਾਂ ਕੇਸਾਂ ਨੂੰ ਰੱਬ ਦੀ ਸ਼ਕਤੀ ਅਤੇ ਬਾਣੀ ਗ੍ਰਹਿਣ ਕਰਨ ਲਈ ਏਰੀਅਲ ਦਾ ਦਰਜਾ ਦਿੰਦੇ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਜਦ ਅਧਿਆਤਮਕ ਚੇਤਨਤਾ ਅਨੁਭਵ ਹੋਈ ਤਾਂ ਸਭ ਤੋਂ ਪਹਿਲਾ ਕੰਮ ਉਹਨਾਂ ਨੇ ਇਹ ਕੀਤਾ ਕਿ ਉਹਨਾਂ ਨੇ ਆਪਣਾ ਉਸਤਰਾ ਤੇ ਵਾਲ ਕਟਣ ਵਾਲੇ ਹੋਰ ਸਾਜ਼ ਸਮਾਨ ਨੂੰ ਚੁਕ ਕੇ ਸੁਟ ਦਿਤਾ।

ਸਿਖ ਇਤਿਹਾਸ ਵਿਚ ਆਉਂਦਾ ਹੈ ਕਿ ਜਦ ਸ਼ਰਧਾਲੂ ਸਿੰਘ ਭਾਈ ਤਾਰੂ ਸਿੰਘ ਦੇ ਕੇਸ ਕਟੇ ਜਾਣ ਲਗੇ ਤਾਂ ਉਸਨੂੰ ਇਹ ਗੱਲ ਬਹੁਤ ਦੁਖਦਾਈ ਲਗੀ, ਕਿਉਂਕਿ ਕੇਸਾਂ ਬਾਰੇ ਉਸ ਦੇ ਦਿਲ ਵਿਚ ਅਥਾਹ ਸਤਿਕਾਰ ਸੀ ਅਤੇ ਉਹ ਇਸ ਨੂੰ ਗੁਰੂ ਦੀ ਦਾਤ ਸਮਝਦਾ ਸੀ। ਇਸ ਲਈ ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਉਸ ਨੂੰ ਇਤਨੀ ਸ਼ਕਤੀ ਬਖਸ਼ੀ ਕਿ ਪੂਰਾ ਜ਼ੋਰ ਲਾਉਣ ਤੇ ਵੀ ਭਾਈ ਤਾਰੂ ਸਿੰਘ ਦੇ ਕੇਸ ਦੁਸ਼ਮਣਾਂ ਕੋਲੋਂ ਨਾ ਕਟੇ ਗਏ। ਇਸ ਲਈ ਉਹਨਾਂ ਦੀ ਪੂਰੀ ਖੋਪਰੀ ਹੀ ਉਤਾਰਨੀ ਪਈ, ਜਿਹੜੀ ਉਨ੍ਹਾਂ ਹੱਸ ਕੇ ਲੁਹਾਈ ਤੇ ਅਕਾਲ-ਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਬਿਦੇਸ਼ੀ ਇਤਿਹਾਸ ਵਿਚ ਸੈਮਸਨ ਇਕ ਅਜਿਹਾ ਸੂਰਬੀਰ ਹੋਇਆ ਹੈ ਜਿਹੜਾ ਆਪਣੀ ਸ਼ਕਤੀ ਨਾਲ ਪੂਰੇ ਹਜੂਮ ਨੂੰ ਕੁਟ ਸੁਟਦਾ ਸੀ ਅਤੇ ਕੋਈ ਬੰਦਾ ਇਹ ਹੀਆ ਨਹੀਂ ਸੀ ਕਰ ਸਕਦਾ ਕਿ ਸੈਮਸਨ ਨਾਲ ਦੋ ਹੱਥ ਕਰੇ। ਦੂਜੇ ਪਾਸੇ ਫ਼ਿਲਸਤੀਨੀ ਉਸ ਨੂੰ ਖ਼ਤਮ ਵੀ ਜ਼ਰੂਰ ਕਰਨਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਇਕ ਲੜਕੀ, ਜਿਸ ਦਾ ਨਾਂ ਵਲੇਲਾ ਸੀ, ਨੂੰ ਸੈਮਸਨ ਦੇ ਨੇੜੇ ਕੀਤਾ, ਜਿਸ ਨੇ ਉਸ ਨਾਲ ਪਿਆਰ-ਸਾਂਝ ਪਾ ਕੇ ਉਸ ਦੀ ਸ਼ਕਤੀ ਦਾ ਕਾਰਨ ਪੁਛਣ ਦਾ ਮਨ ਬਣਾਇਆ। ਉਸ ਨੂੰ ਸੈਮਸਨ ਨੇ ਦਸਿਆ ਕਿ ਇਹ ਸਾਰੀ ਸ਼ਕਤੀ ਉਸ ਦੇ ਕੇਸਾਂ ਕਾਰਨ ਪ੍ਰਮਾਤਮਾ ਪਾਸੋਂ ਉਸ ਨੂੰ ਮਿਲਦੀ ਹੈ। ਬਸ ਫਿਰ ਕੀ ਸੀ, ਜਦ ਭੇਤ ਪਤਾ ਲਗਾ ਤਾਂ ਵਲੇਲਾ ਨੇ ਸੈਮਸਨ ਨੂੰ ਚਕਮੇ ਵਿਚ ਲਿਆ ਕੇ ਸੁਤੇ ਪਏ ਦੇ ਕੇਸ ਕਟ ਦਿਤੇ ਅਤੇ ਇਸ ਤਰ੍ਹਾਂ ਫ਼ਿਲਸਤੀਨੀਆਂ ਕੋਲੋਂ ਸੈਮਸਨ ਮਾਰਿਆ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੁਹਰ ਕਿਹਾ ਹੈ ਤੇ ਹਰ ਸਿੱਖ ਲਈ ਇਹ ਬੰਦਸ਼ ਲਗਾਈ ਗਈ ਹੈ ਕਿ ਉਹ ਆਪਣੇ ਸਿਰ ਤੇ ਕੇਸ ਰਖੇ। ਉਹਨਾਂ ਦੇ ਕਥਨ ਅਨੁਸਾਰ ਉਹਨਾਂ ਦਾ ਸਰੀਰ ਪੰਥ ਵਿਚ ਸਮੋਇਆ ਹੋਇਆ ਹੈ, ਆਤਮਾ ਗ੍ਰੰਥ ਵਿਚ ਬਿਰਾਜਮਾਨ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣਾ ਰੂਪ ਸਮਝਦੇ ਹਨ ਤਾਂ ਖਾਲਸੇ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ ਦਾ ਸਰੂਪ ਧਾਰੇ। ਤਾਂ ਹੀ ਉਹ ਗੁਰੂ ਦੀ ਮਿਹਰ ਅਤੇ ਨਿਕਟਤਾ ਦਾ ਪਾਤਰ ਹੋ ਸਕਦਾ ਹੈ।

ਗੁਰਵਾਕ ਹਨ—

ਜਬ ਲਗ ਰਹੇ ਖ਼ਾਲਸਾ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਸਾਇੰਸ ਦੀ ਅਜੋਕੀ ਖੋਜ ਨੇ ਕੇਸ ਰੱਖਣ ਦੇ ਕਈ ਗੁਣਾਂ ਬਾਰੇ ਚਾਨਣਾ ਪਾਇਆ ਹੈ, ਪਰ ਗੁਰੂ ਦਾ ਸਿਖ ਤਾਂ ਆਪਣੇ ਗੁਰੂ ਦੇ ਹੁਕਮ ਵਿਚ ਆ ਕੇ ਕੇਸਾਂ ਨੂੰ ਉਸ ਮਹਾਨ ਗੁਰੂ ਦੀ ਬਖ਼ਸ਼ਸ਼ ਸਮਝ ਕੇ ਸਤਿਕਾਰਦਾ ਤੇ ਪਿਆਰਦਾ ਹੈ। ਜਿਵੇਂ ਬਾਬਾ ਆਲਾ ਸਿੰਘ ਵਰਗੀਆਂ ਮਹਾਨ ਆਤਮਾਵਾਂ ਦਾ ਵਰਣਨ ਇਤਿਹਾਸ ਵਿਚ ਆਉਂਦਾ ਹੈ, ਜਿਨ੍ਹਾਂ ਅਹਿਮਦਸ਼ਾਹ ਅਬਦਾਲੀ ਨੂੰ ਸਵਾ ਲਖ ਰੁਪਿਆ ਹਰਜਾਨਾ ਭਰ ਦਿਤਾ ਅਤੇ ਕੇਸ ਕਟਾਣ ਦੀ ਸ਼ਰਤ ਨੂੰ ਠੁਕਰਾ ਦਿਤਾ ਅਤੇ ਆਪਣੀ ਰੋਜ਼ ਦੀ ਅਰਦਾਸ ਅਨੁਸਾਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਗੁਰੂ ਅਰਜਨ



www.AKJ.Org

ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ੧੦੮੪ ਪੰਨੇ ਤੇ ਦਿਤੇ ਸ਼ਬਦ ਵਿਚ ਆਪਣੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਤੁਹਾਡਾ ਸਰੀਰ ਸ਼ੁਭ ਕਰਮ ਕਰੇ, ਤੁਸੀਂ ਇਸ ਸੰਸਾਰ ਵਿਚ ਰਹਿੰਦੇ ਹੋਏ ਪਰਸੰਨ-ਚਿੱਤ ਰਹੋ, ਪਰ ਇਸਦੇ ਨਾਲ ਪ੍ਰਮਾਤਮਾ ਵਲੋਂ ਦਿਤੇ ਹੋਏ ਰੂਪ ਨੂੰ ਪੂਰੀ ਤਰ੍ਹਾਂ ਬਰਕਰਾਰ ਰਖੋ ਅਤੇ ਆਪਣੇ ਸਿਰ ਉਤੇ ਪਗੜੀ ਜ਼ਰੂਰ ਬੰਨ੍ਹੋ।

ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕੇਸਾਂ ਦੀ ਮਹੱਤਤਾ ਬਾਰੇ ਸਾਨੂੰ ਸੂਚਿਤ ਕੀਤਾ ਹੈ ਤੇ ਉਸੇ ਨੂੰ ਹੀ ਰੱਬ ਦਾ ਸਹੀ ਸੇਵਕ ਸਮਝਿਆ ਜਾਵੇਗਾ ਜਿਹੜਾ ਪ੍ਰਮਾਤਮਾ ਦੀ ਦਿਤੀ ਦਾਤ ਕੇਸਾਂ ਨੂੰ ਸੰਭਾਲ ਕੇ ਰਖੇਗਾ। ਇਹ ਕੇਸ ਹੀ ਉਸ ਨੂੰ ਰੱਬ ਦੇ ਦਰਬਾਰ ਵਿਚ ਦਾਖ਼ਲ ਹੋਣ ਦਾ ਪਰਮਾਣ ਹੋਣਗੇ, ਕਿਉਂਕਿ ਕੇਸ ਵਿਅਕਤੀ ਨੂੰ ਪਵਿਤਰਤਾ ਅਤੇ ਉਚ ਮੁਰਾਤਬਾ ਬਖਸ਼ਦੇ ਹਨ। ਸਬੰਧਤ ਸ਼ਬਦ ਦੀਆਂ ਪੰਗਤੀਆਂ ਇਉਂ ਹਨ—

ਸਚੀ ਸੁੰਨਤ ਰਬ ਦੀ ਮੂਇ (ਕੇਸ)ਲੈ ਆਇਆ ਨਾਲ।
ਜੋ ਰਖੇ ਮੂਇ ਅਮਾਨਤੀ ਸੋ ਖਾਸਾ ਬੰਦਾ ਭਾਲ।
ਫਿਰ ਗਇਆ ਦਰਗਾਹ ਵਿਚ ਅਗੇ ਰਖ ਨੀਸ਼ਾਨ।
ਹੋਰ ਦਰਗਾਹ ਢੋਈ ਨ ਲਹਿਨ ... ... ... ... ... ।
ਅਵਲ ਸੁੰਨਤ ਮੂਇ ਹੈ ਸਿਰ ਪਰ ਰਖੇ ਜੋਇ।
ਪਾਵੈ ਮਰਾਤਬ ਸਯਾਈ ਵਡਾ ਰਿਖੀਸਰ ਹੋਇ।†

ਭਾਵੇਂ ਕੇਸ ਰਖਣ ਦੀ ਵਿਧੀ ਪੂਰਬਕ ਬੰਦਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਿਖਾਂ ਤੇ ਲਗਾਈ ਅਤੇ ਕੇਸਾਂ ਨੂੰ ਉਹਨਾਂ ਨੇ ਪ੍ਰਥਮ ਕਕਾਰ* ਦਾ ਦਰਜਾ ਦਿਤਾ, ਪਰ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਤੌਰ ਤੇ ਪਤਾ ਲਗਦਾ ਹੈ ਕਿ ਉਹਨਾਂ ਤੋਂ ਪਹਿਲਾਂ ਵੀ ਸਿਖ ਅਤੇ ਸਿਖ ਗੁਰੂ ਸਾਹਿਬਾਨ ਕੇਸਾਧਾਰੀ ਸਨ। ਕੇਸਾਂ ਵਾਲੇ ਅੰਮ੍ਰਿਤਧਾਰੀ ਸਿਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਸਿੰਘ' ਸ਼ੇਰ ਦੀ ਉਪਾਧੀ ਦਿਤੀ ਜਿਹੜੇ ਮੈਦਾਨਿ ਜੰਗ ਵਿਚ ਸਿੰਘਾਂ ਵਾਂਗ ਗਰਜੇ ਅਤੇ ਧਰਮ-ਯੁਧ ਵਿਚ ਦੁਸ਼ਮਣਾਂ ਨੂੰ ਭਾਂਜਾਂ ਦਿਤੀਆਂ। ('ਸਿੰਘ' ਸ਼ੇਰ ਨੂੰ ਕਹਿੰਦੇ ਹਨ ਅਤੇ ਸ਼ੇਰ ਹੀ ਇਕ ਅਜਿਹਾ ਬਹਾਦਰ ਜਾਨਵਰ ਹੈ ਜਿਸ ਦੇ ਸਿਰ ਤੇ ਵਾਲ ਹਨ।)

ਯੋਰਪ ਤੇ ਅਮਰੀਕਾ ਵਿਚ ਸਭ ਮਾਇਕ ਅਤੇ ਹੋਰ ਸੁਖ ਸਾਧਨ ਹੋਣ ਦੇ ਬਾਵਜੂਦ ਵੀ ਬੇਹਦ ਮਾਨਸਕ ਬੇਚੈਨੀ ਹੈ ਅਤੇ ਕੁਝ ਵਿਦਵਾਨਾਂ ਦਾ ਇਹ ਮਤ ਹੈ ਕਿ ਜੇਕਰ ਪਛਮ ਦੇ ਵਿਕਸਤ ਦੇਸ਼ਾਂ ਦੇ ਵਸਨੀਕ ਕੇਸ ਰਖ ਲੈਣ ਤਾਂ ਉਨ੍ਹਾਂ ਦੀ ਬਹੁਤ ਹਦ ਤਕ ਮਾਨਸਕ ਪਰੇਸ਼ਾਨੀ ਖ਼ਤਮ ਹੋ ਜਾਵੇਗੀ ਕਿਉਂਕਿ ਕੇਸ ਨਰਵਸ ਸਿਸਟਮ ਨੂੰ ਮਜ਼ਬੂਤ ਕਰਦੇ ਹਨ ਤੇ ਸਭ ਪਰੇਸ਼ਾਨੀਆਂ ਅਤੇ ਮਾਯੂਸੀਆਂ ਕਮਜ਼ੋਰ ਨਰਵਸ ਸਿਸਟਮ ਦੀ ਹੀ ਉਪਜ ਹਨ। ਜਦ 1960 ਤਕ ਅਮਰੀਕਾ ਤੇ ਹੋਰ ਪਛਮੀ ਦੇਸ਼ ਠੰਢੀ ਜੰਗ ਕਾਰਨ ਪਰੇਸ਼ਾਨ ਸਨ ਤਾਂ ਕੁਦਰਤ ਨੇ ਉਨ੍ਹਾਂ ਦੀ ਇਸ ਪਰੇਸ਼ਾਨੀ ਨੂੰ ਦੇਖਦਿਆਂ ਹੋਇਆ ਨਵੀਂ ਪੀੜ੍ਹੀ ਵਿਚ ਅਜਿਹੇ ਭਾਵਾਂ ਦਾ ਸਿੰਚਾਰ ਕੀਤਾ ਜਿਨ੍ਹਾਂ ਦੇ ਫਲਸਰੂਪ ਲੰਬੇ ਲੰਬੇ ਪਟੇ ਰਖਣ ਵਾਲੀ ਪਨੀਰੀ ਸਾਰੇ ਪਛਮੀ ਸੰਸਾਰ ਵਿਚ ਹੋਂਦ ਵਿਚ ਆ ਗਈ ਜਿਹੜੀ ਅਜ ਆਪਣੇ ਪਿਤਰਾਂ ਨਾਲੋਂ ਘਟ ਬੇਚੈਨ ਅਤੇ ਵਧੇਰੇ ਸਾਦਾ ਹੈ।

ਸੋ ਸੰਖੇਪ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਕੇਸ ਅਕਾਲ ਪੁਰਖ ਨੇ ਮਨੁਖ ਨੂੰ ਬਿਨਾਂ ਕਿਸੇ ਜਾਤ ਪਾਤ ਨੂੰ ਦੇਖਦਿਆਂ ਹੋਇਆਂ ਤੋਹਫੇ ਵਜੋਂ ਦਿਤੇ ਹਨ, ਇਸ ਲਈ ਇਨ੍ਹਾਂ ਨੂੰ ਫੈਸ਼ਨ ਦੀ ਬਲੀ ਚੜ੍ਹਾ ਕੇ ਮਨੁਖਤਾ ਨੂੰ ਬੇਤਰਤੀਬੇ ਜੀਵਨ ਵਲ ਨਹੀਂ ਘਸੀ-ਟਿਆ ਜਾਣਾ ਚਾਹੀਦਾ ਸਗੋਂ ਇਨ੍ਹਾਂ ਨੂੰ ਠੀਕ ਠਾਕ ਹਾਲਤ ਵਿਚ ਰਖ ਕੇ ਇਸ ਗੱਲ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਅਸੀਂ ਪ੍ਰਮਾਤਮਾ ਦੀ ਇਸ ਦਾਤ ਨੂੰ ਸੰਭਾਲ ਕੇ ਰਖਣ ਵਿਚ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ ਕਿ ਅਸੀਂ ਅਕਾਲ ਪੁਰਖ ਨੂੰ ਮਹਾਨ ਸਮਝਦੇ ਹਾਂ ਅਤੇ ਉਸ ਵਲੋਂ ਦਿਤੇ ਸਰੂਪ ਨੂੰ ਉਸੇ ਹੀ ਰੂਪ ਵਿਚ ਧਾਰਨ ਕਰਕੇ ਉਸ ਦੀ

[ ਬਾਕੀ ਵੇਖੋ ਸਫ਼ਾ ੨੦ ਦੇ ਹੇਠ ]

†ਇਹ ਗੁਰਬਾਣੀ ਨਹੀਂ, ਸਗੋਂ ਜਨਮਸਾਖੀ ਵਿਚੋਂ ਹਨ।

*"ਕੇਸ" ਸ਼ਰੀਰ ਦੇ ਬਾਕੀ ਅੰਗਾਂ ਵਾਂਗ ਇਕ ਰੱਬੀ ਦਾਤ ਹਨ। ਇਨ੍ਹਾਂ ਤੋਂ ਬਿਨਾਂ ਸਿਖ ਸਿੱਖੀ ਤੋਂ ਖ਼ਾਰਜ ਹੈ। ਪੰਜਵਾਂ ਕਕਾਰ ਕੇਸਾਂ ਨੂੰ ਸੰਭਾਲਣ ਵਾਲੀ "ਕੇਸਕੀ" ਹੈ।



www.AKJ.Org

# ਮੋਰਚਾ ਗੁਰੂ ਕੇ ਬਾਗ਼ ਦੀਆਂ ਦੋ ਘਟਨਾਵਾਂ

**ਪ੍ਰੋਫ਼ੈਸਰ ਸਾਹਿਬ ਸਿੰਘ ਜੀ ਜਦੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਚ ਸਕੱਤ੍ਰ ਸਨ, ਉਸ ਵੇਲੇ ਦੇ ਸਮਾਚਾਰ ਆਪਣੀ ਸ੍ਵੈ-ਜੀਵਨੀ ਵਿਚ ਬਿਆਨ ਕਰਦਿਆਂ ਲਿਖਦੇ ਹਨ–**

ਮੋਰਚਾ ਸ਼ੁਰੂ ਹੁੰਦਿਆਂ ਹੀ ਮੈਂ ਗ੍ਰਿਫ਼ਤਾਰ ਹੋ ਗਿਆ ਤੇ ਮੋਰਚਾ ਮੁੱਕਣ ਉੱਤੇ ਹੀ ਜੇਲ੍ਹੋਂ ਬਾਹਰ ਆਇਆ; ਸੋ ਮੈਂ ਨਾ ਵੇਖੀਆਂ ਮਾਰਾਂ ਪੈਂਦੀਆਂ, ਤੇ ਨਾ ਵੇਖੇ ਗ੍ਰਿਫ਼ਤਾਰ ਹੁੰਦੇ। ਸਿਰਫ਼ ੨੬ ਅਗਸਤ ਨੂੰ ਆਪਣੇ ਦਫ਼ਤਰ ਦੇ ਸਾਹਮਣੇ ਉਹ ਪੰਜ ਸਿੰਘ ਮੰਜਿਆਂ ਉੱਤੇ ਪਏ ਵੇਖੇ, ਜਿਨ੍ਹਾਂ ਨੂੰ ਗੁਰੂ ਕੇ ਬਾਗ ਤੋਂ ਮਾਰ-ਕੁਟਾਈ ਤੋਂ ਪਿੱਛੋਂ ਜ਼ਖ਼ਮੀ ਹਾਲਤ ਵਿਚ ਲਿਆਂਦਾ ਗਿਆ ਸੀ। ਹਾਂ, ਦੋ ਘਟਨਾਵਾਂ ਜੋ ਮੈਂ ਜ਼ਿੰਮੇਵਾਰ ਥਾਵਾਂ ਤੋਂ ਸੁਣੀਆਂ, ਉਹ ਕੁੱਝ ਸੁਆਦਲੀਆਂ ਹਨ, ਤੇ ਮੈਂ ਏਥੇ ਲਿਖਣੋਂ ਰਹਿ ਨਹੀਂ ਸਕਦਾ।

## *ਪਹਿਲੀ ਘਟਨਾ–*

ਜੇਲ੍ਹ ਵਿਚ ਅਸੀਂ ਸਿਰਫ਼ ਸੱਤ ਜਣੇ ਹੀ ਸਾਂ। ਇਕ ਦਿਨ ਜੇਲ੍ਹ ਦਾ ਦਰੋਗਾ, ਸਾਡੀਆਂ ਕੋਠੜੀਆਂ ਵਿਚ ਆ ਕੇ ਹੱਸਦਾ ਹੱਸਦਾ ਇਕ ਨਵੀਂ ਅਚਰਜ ਗੱਲ ਸੁਣਾਉਣ ਲੱਗਾ। ਉਸ ਨੇ ਕਿਹਾ, "ਅੱਜ ਮੈਂ ਆਪਣੇ ਦਫ਼ਤਰ ਵਿਚ ਬੈਠਾ ਸਾਂ ਕਿ ਇਕ ਅਕਾਲੀ ਸਿੰਘ ਆ ਕੇ ਜੇਲ੍ਹ ਦਾ ਫਾਟਕ ਖੜਕਾਉਣ ਲੱਗ ਪਿਆ। ਮੈਂ ਉਸ ਤੋਂ ਇਸ ਦਾ ਕਾਰਨ ਪੁੱਛਿਆ। ਅਕਾਲੀ ਨੇ ਆਖਿਆ, "ਮੈਂ ਇਕ ਸੌ ਦੇ ਜੱਥੇ ਵਿਚ ਅਜ ਗੁਰੂ ਕੇ ਬਾਗ ਤੋਂ ਗ੍ਰਿਫ਼ਤਾਰ ਹੋ ਕੇ ਆਇਆ ਸਾਂ। ਕਚਹਿਰੀ ਦੇ ਬਾਹਰ ਸਾਨੂੰ ਬਿਠਾਇਆ ਗਿਆ ਸੀ। ਮੈਂ ਜੱਥੇਦਾਰ ਨੂੰ ਪੁੱਛ ਕੇ ਜੰਗਲ-ਪਾਣੀ ਚਲਾ ਗਿਆ ਸਾਂ। ਵਾਪਸ ਆ ਕੇ ਪਤਾ ਲੱਗਾ ਕਿ ਜੱਥਾ ਤਾਂ ਜੇਲ੍ਹ ਵਿਚ ਜਾ ਚੁੱਕਾ ਹੈ। ਹੁਣ ਮੈਂ ਜੱਥੇ ਵਿਚ ਰਲਣ ਲਈ ਅੰਦਰ ਜਾਣਾ ਚਾਹੁੰਦਾ ਹਾਂ।" ਹੋਇਆ ਇਹ ਕਿ ਉਸ ਅਕਾਲੀ ਸਿੰਘ ਦੇ ਪਿੱਛੋਂ ਹੀ ਜੱਥੇ ਨੂੰ ਸਜ਼ਾ ਸੁਣਾ ਦਿੱਤੀ ਗਈ। ਜੇਲ੍ਹ ਨੂੰ ਤੁਰਨ ਲੱਗਿਆਂ ਗਿਣਤੀ ਕਰਨ ਉੱਤੇ ਇਕ ਸਿੰਘ ਘਟ ਨਿਕਲਿਆ, ਸੋ ਉਸੇ ਵੇਲੇ, ਬਾਹਰੋਂ ਇਕ ਹੋਰ ਸਿੰਘ ਰਲਾ ਲਿਆ ਗਿਆ।

## *ਦੂਜੀ ਘਟਨਾ–*

ਦਫ਼ਤਰੋਂ ਹਰ ਰੋਜ਼ ਇਕ ਸਿੰਘ ਡਾਕ ਲੈ ਕੇ ਗੁਰੂ ਕੇ ਬਾਗ਼ ਜਾਂਦਾ ਸੀ। ਓਥੋਂ ਜ਼ਰੂਰੀ ਉੱਤਰ ਲੈ ਕੇ ਵਾਪਸ ਅੰਮ੍ਰਿਤਸਰ ਆਉਂਦਾ ਸੀ। ਤੁਰਦੇ ਹੀ ਜਾਣਾ ਤੇ ਤੁਰਦੇ ਹੀ ਆਉਣਾ। ਸਰਕਾਰ ਨੇ ਅਕਾਲੀਆਂ ਵਾਸਤੇ ਸੜਕ ਉੱਤੇ ਤੁਰਨ ਦੀ ਮਨਾਹੀ ਕੀਤੀ ਹੋਈ ਸੀ। ਮੁੰਜੀ ਦੀ ਬਹਾਰ ਸੀ। ਨੱਕਾ-ਨੱਕਾ ਭਰੀ ਨਹਿਰ ਵਿੱਚੋਂ ਤਰ ਲੰਘਣਾ ਹੁੰਦਾ ਸੀ ਤੇ ਮੁੰਜੀ ਦੇ ਖੇਤਾਂ ਦੀਆਂ ਵੱਟਾਂ ਉੱਤੋਂ ਹੀ ਜਾਣਾ ਹੁੰਦਾ ਸੀ। ਇਕ ਦਿਨ ਡਾਕ ਲੈ ਜਾਂਦੇ ਨੂੰ ਖੇਤ ਦੀ ਵੱਟ ਤੋਂ ਸੱਪ ਲੜ ਗਿਆ। ਸਿੰਘ ਨੇ ਪੱਗ ਪਾੜ ਕੇ ਲੱਤ ਨੂੰ ਬੰਨ੍ਹ ਲਈ। ਡਾਕ ਦੇ ਕੇ ਤੇ ਜਵਾਬ ਲੈ ਕੇ ਸਿੰਘ ਅੰਮ੍ਰਿਤਸਰ ਦਫ਼ਤਰ ਵਿਚ ਪਹੁੰਚਿਆ। ਓਥੇ ਡਾਕ ਦੇ ਕਾਗ਼ਜ਼ ਦੇ ਕੇ ਫੇਰ ਉਹ ਹਸਪਤਾਲ ਵੱਲ ਇਲਾਜ ਲਈ ਗਿਆ।

ਵਾਹ ਸਿੰਘੋ ! ਖ਼ਾਲਸੇ ਦੀ ਸ਼ਾਨ ਰੱਖ ਵਿਖਾਈ ਤੁਸਾਂ। ਅਫ਼ਸੋਸ ! ਮੈਂ ਇਸ ਵੇਲੇ ਉਹਨਾਂ ਸਿੰਘਾਂ ਦੇ ਨਾਮ ਪਤੇ ਕਿਤੋਂ ਲੱਭ ਨਹੀਂ ਸਕਿਆ।

[ਪੁਸਤਕ "ਮੇਰੀ ਜੀਵਨ ਕਹਾਣੀ" ਪ੍ਰੋ: ਸਾਹਿਬ ਸਿੰਘ ਵਿਚੋਂ

---

[੧੯ ਸਫ਼ੇ ਦੀ ਬਾਕੀ]

ਆਗਿਆਕਾਰਤਾ ਅਤੇ ਮਿਹਰ ਦ੍ਰਿਸ਼ਟੀ ਵਿਚ ਰਹਿੰਦੇ ਹਾਂ। ਕੇਸਾਧਾਰੀ ਹੋ ਕੇ ਹੀ ਅਸੀਂ ਉਸ ਦੇ ਸਰੂਪ ਵਾਲੇ ਹੋਣ ਦਾ ਗੌਰਵ ਪ੍ਰਾਪਤ ਕਰ ਸਕਦੇ ਹਾਂ ਕਿਉਂਕਿ ਜਿਨ੍ਹਾਂ ਵੀ ਮਹਾਨ ਆਤਮਾਵਾਂ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੇ ਕਿਸੇ ਨਾ ਕਿਸੇ ਢੰਗ ਵਿਚ ਉਸ ਦੇ ਲੰਮੇ ਸੁਹਣੇ ਕੇਸਾਂ ਦੀ ਤਾਰੀਫ ਕੀਤੀ ਹੈ, ਇਸੇ ਕਰਕੇ ਹੀ ਵਾਹਿਗੁਰੂ ਦੇ ਗੁਣਾਤਮਕ ਨਾਵਾਂ ਵਿਚ 'ਕੇਸਵ' ਵੀ ਹੈ, ਜਿਸਦੇ ਅਰਥ ਹਨ 'ਕੇਸਾਂ ਵਾਲਾ'।

["ਅਕਾਲੀ ਪੱਤ੍ਰਕਾ" 14.8.77 'ਚੋਂ ਧੰਨਵਾਦ ਸਹਿਤ



www.AKJ.Org

# ਇਕ ਕਰਾਮਾਤੀ ਸਾਧੂ ਦਾ ਮਿਲਾਪ

ਭਾਈ ਸਾਹਿਬ ਰਣਧੀਰ ਸਿੰਘ ਜੀ ਕਾਲਜ ਵਿਚ ਬੀ. ਏ. ਪੜ੍ਹਦਿਆਂ ਬੈਰਾਗ ਦਸ਼ਾ ਵਿਚ ਵਿਚਰ ਰਹੇ ਸਨ, ਜੁ ਇਕ ਅਚਰਜ ਘਟਨਾ ਵਾਪਰੀ, ਪਰ ਸਤਿਗੁਰੂ ਨੇ ਹੱਥ ਦੇ ਕੇ ਰੱਖ ਲਿਆ। ਇਹ ਘਟਨਾ 'ਜੇਲ੍ਹ-ਚਿੱਠੀਆਂ' ਵਿਚ ਭਾਈ ਸਾਹਿਬ ਜੀ ਨੇ ਆਪ ਹੇਠ ਲਿਖੇ ਅਨੁਸਾਰ ਚਿਤਰੀ ਹੈ।

—ਸੰਪਾਦਕ

ਇਕ ਦਿਨ ਮਿਸ਼ਨ ਕਾਲਜ ਤੋਂ ਰਾਹ ਵਿਚ ਆਉਂਦੇ ਨੂੰ ਜਦ ਕਿ ਮੈਂ ਵੈਰਾਗ ਦੇ ਰੰਗ ਵਿਚ ਏਹੀ ਚਿਤਵਦਾ ਆਉਂਦਾ ਸੀ ਕਿ ਕਿਸੇ ਪ੍ਰਮਾਰਥ ਦੇ ਉਚ ਰੰਗਾਂ ਵਾਲੇ ਸਾਧੂ ਦੇ ਦਰਸ਼ਨ ਹੋਣ, ਮੈਂ ਅਚਾਨਕ ਕੀ ਦੇਖਦਾ ਹਾਂ ਕਿ ਸਾਮ੍ਹਣਿਓਂ ਕੰਬਲਾਂ ਦੇ ਲੰਮੇ ਚੋਲੇ ਵਿਚ ਵਲ੍ਹੇਟਿਆ ਹੋਇਆ ਇਕ ਮਸਤ ਫਕੀਰ ਆਪਣੇ ਰੰਗਾਂ ਵਿਚ ਝੂਲਦਾ ਚਲਿਆ ਆਉਂਦਾ ਹੈ। ਜਦ ਉਹ ਮੇਰੇ ਨੇੜੇ ਆਇਆ ਤਾਂ ਉਸ ਮੇਰੀ ਵਲ ਅਜਿਹੀ ਕਟਾਖਸ਼ ਦ੍ਰਿਸ਼ਟੀ ਨਾਲ ਦੇਖਿਆ ਕਿ ਮੈਂ ਦੇਖਦੇ ਸਾਰ ਫਟਕ ਗਿਆ ਤੇ ਆਪਣੀਆਂ ਕੜੀਆਂ ਕਿਤਾਬਾਂ ਉਥੇ ਹੀ ਸਿਟ ਕੇ ਬਾਵਰਾ ਜਿਹਾ ਹੋ ਕੇ ਉਸ ਦੀ ਗੈਲ ਲਗ ਪਿਆ, ਕਿਉਂਕਿ ਭਗਤਾਂ ਦੀ ਬਾਣੀ ਦੁਆਰਾ ਇਸ ਤੁਕ ਦਾ ਭਾਵ ਮੇਰੇ ਰੋਮ ਰੋਮ ਵਿਚ ਰਚ ਗਿਆ ਸੀ ਅਤੇ ਉਹ ਤੁਕ ਮੈਨੂੰ ਤਾਬੜ ਤੋੜ ਯਾਦ ਆ ਗਈ। ਯਥਾ—

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ
ਲਾਗਾ ਜਾਉ ॥ ਪੇਖਤ ਹੀ ਪੁੰਨੀਤਿ ਹੋਇ
ਭੇਟਤ ਜਪੀਐ ਨਾਉ ॥੧੩੦॥

[ਸਲੋਕ ਕਬੀਰ ਜੀਉ, ੧੩੭੧

ਮੈ ਵਾਹੋ ਦਾਹ ਮਗਰ ਲਗ ਪਿਆ। ਮੇਰਾ ਇਕ ਸਾਥੀ ਮੇਰੀਆਂ ਕਿਤਾਬਾਂ ਚੁਕ ਸੰਮ੍ਹਲ ਕੇ ਉਹ ਭੀ ਮੇਰੇ ਨਾਲ ਲਗ ਪਿਆ, ਪਰ ਮੈਂ ਉਸ ਨੂੰ ਆਖ ਵੇਖ ਕੇ ਮੋੜਨ ਲਗਾ। ਉਹ ਨਾ ਮੁੜੇ, ਮੁੜੇ ਤਾਂ ਮੈਨੂੰ ਨਾਲ ਮੋੜੇ। ਤੇ ਮੈਨੂੰ ਇਸ ਗੁਰਵਾਕ ਦਾ ਭੈ ਮਾਰੇ ਕਿ—

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ
ਨ ਲੀਜੈ ਕੋਇ ॥ ਪਾਛੈ ਪਾਉ ਨ ਦੀਜੀਐ
ਆਗੈ ਹੋਇ ਸੁ ਹੋਇ ॥੧੧੬॥

[ਸਲੋਕ ਕਬੀਰ ਜੀ, ੧੩੭੦

ਇਸ ਪ੍ਰਕਾਰ ਦੀ ਗੁਰਵਾਕ-ਬਾਣੀ ਮੇਰੇ ਸਰਲ ਹੋ ਰਹੀ ਸੀ। ਗੱਲ ਕੀ, ਮੈਂ ਉਸ ਦੇ ਮੋੜਨ ਵਿਚ ਕਾਮਯਾਬ ਹੋ ਗਿਆ। ਮੈਂ ਉਸ ਸਾਧੂ ਦੇ ਮਗਰ ਐਉਂ ਲਗ ਗਿਆ ਜਿਵੇਂ ਕਿਸੇ ਦਾ ਲਾਇਆ ਲਗਦਾ ਹੈ। ਮੈਂ ਉਸ ਦੇ ਪਿੱਛੇ ਖਿੱਚੀਦਾ ਚਲਿਆ ਗਿਆ। ਮੈਨੂੰ ਕੋਈ ਲਾਜ ਤੇ ਸੰਕੋਚ ਸਿਆਣਪ ਨਾ ਰਹੀ। ਮੈਨੂੰ ਇਹ ਭੀ ਵਿਸਰ ਗਿਆ ਕਿ ਮੈਂ ਕਿਥੇ, ਕਿਸ ਸ਼ਹਿਰ ਵਿਚ ਤੇ ਕਿਸ ਸੜਕ ਪਰ ਜਾ ਰਿਹਾ ਹਾਂ, ਮੈਨੂੰ ਲਾਮ੍ਹ ਛਾਮ੍ਹ ਵਲ ਤੇ ਹੇਠਾਂ ਉਤੇ ਅੱਖ ਪੱਟ ਕੇ ਦੇਖਣ ਦੀ ਵੀ ਤਾਬ ਨਾ ਰਹੀ।

ਉਸ ਸਾਧੂ ਦੀ ਲਟਪਟੀ ਰਫਤਾਰ ਉਤੇ ਟਿਕਟਿਕੀ ਬਝੀ ਹੋਈ ਸੀ। ਪਰਛਾਵੇਂ ਵਾਂਗੂ ਕੁਛ ਵਿਥ ਉਤੇ ਪਿਛੇ ਪਿਛੇ ਚਲਿਆ ਜਾਂਦਾ ਸੀ ਤੇ ਨੇੜੇ ਢੁਕਣ ਤੋਂ ਭੈ ਲਗਦਾ ਸੀ। ਉਸ ਨੂੰ ਕਈ ਛਾਬੜੀਆਂ ਵਾਲੇ ਮਿਠਾਈ ਨਜ਼ਰ ਕਰਦੇ ਦੇਖੇ, ਕਈ ਫਲਾਂ ਵਾਲੇ ਫਲ ਮੇਵੇ ਪੇਸ਼ ਕਰਦੇ ਦੇਖੇ, ਪਰ ਉਸ ਨੂੰ ਕੋਈ ਪਰਵਾਹ ਨਹੀਂ ਤੇ ਕਿਸੇ ਵਲ ਝਾਕਿਆ ਭੀ ਨਹੀਂ। ਮੈਨੂੰ ਉਹਦੀਆਂ ਅੱਖਾਂ ਮੇਰੇ ਵਿਚ ਹੀ ਗੱਡੀਆਂ ਹੋਈਆਂ ਭਾਸਣ। ਚਾਹੇ ਉਹ ਮੇਰੇ ਵਲ ਪਿਠ ਕਰੀ ਮੇਰੇ ਮੂਹ੍ਰੇ ਮੂਹ੍ਰੇ ਜਾਂਦਾ ਸੀ, ਪਰ ਉਸ ਦੀ ਪਿੱਠ ਉਤੇ ਓਹੀ ਜਾਦੂ ਭਰੀ ਦ੍ਰਿਸ਼ਟੀ ਵਾਲੀਆਂ ਅੱਖਾਂ ਲਗੀਆਂ ਹੋਈਆਂ ਦਿਸਣ ਅਤੇ ਮੇਰੀ ਓਰ ਟਿਕਟਿਕੀ ਬੰਨ੍ਹੀ ਮਾਨੋ ਮੈਨੂੰ ਵਾਹੋ ਦਾਹ ਮਗਰੋਂ ਘੜੀਸੀ ਜਾਣ।



www.AKJ.Org

ਓੜਕ ਇਕ ਫੁਹਾਰੇ ਉਤੇ ਪਹੁੰਚੇ ਜੋ *ਚੀਫ਼ ਕੋਰਟ ਦੇ †ਕੋਰਟ ਯਾਰਡ ਦੇ ਸਾਮ੍ਹਣੇ ਇਕ ਛੋਟੀ ਜਿਹੀ ਬਗੀਚੀ ਵਿਚ ਲਗਾ ਹੋਇਆ ਸੀ। ਇਹ ਫੁਹਾਰਾ ਸਦਾ ਵਗਦਾ ਰਹਿੰਦਾ ਸੀ। ਉਸ ਦਾ ਹੌਜ਼ ਜਲ ਨਾਲ ਸਦਾ ਪੂਰਤ ਰਹਿੰਦਾ ਸੀ। ਉਥੇ ਉਸ ਸਮੇਂ ਨਿਰੋਲ ਇਕਾਂਤ ਸ਼ਾਂਤ ਵਰਤ ਰਹੀ ਸੀ। ਉਥੇ ਉਸ ਨੇ ਆਪਣੇ ਕੰਬਲੀ ਚੋਲੇ ਨੂੰ ਉਤਾਰ ਕੇ ਲਾਂਮ੍ਹ ਰਖ ਦਿਤਾ ਤੇ ਵਿਚੋਂ ਨਗਨ ਜਟਾ ਜੂਟ ਨਿਕਲ ਆਇਆ, ਮੇਰੇ ਵਲ ਘੂਰ ਘੂਰ ਕੇ ਵੇਖਣਾ ਸ਼ੁਰੂ ਕੀਤਾ। ਮਾਨੋ ਮੈਨੂੰ ਡਰਾਉਂਦਾ ਹੈ ਕਿ ਡਰ ਕੇ ਮੁੜ ਜਾਵੇ। ਮੈਨੂੰ ਰਤਾ ਭੀ ਡਰ ਨਾ ਲੱਗਾ। ਦੂਰ ਖੜਾ ਉਹਦੀਆਂ ਲਹਿਰਾਂ ਦੇਖਦਾ ਰਿਹਾ। ਫੇਰ ਉਸ ਚਿੱਘੀ ਲਾ ਕੇ ਉਥੋਂ ਜਲ ਛਕਿਆ ਅਤੇ ਛਕ ਕੇ ਡੰਡਉਤ ਕਰਨ ਲਗਾ। ਮੈਨੂੰ ਅਜਿਹਾ ਭਾਸੇ ਕਿ ਮਾਨੋ ਇਸ ਨੂੰ ਤ੍ਰਿਕਾਲ ਦ੍ਰਿਸ਼ਟੀ ਹੈ ਅਤੇ ਇਸ ਦੀ ਦਿੱਬ ਦ੍ਰਿਸ਼ਟੀ ਖੁਲ੍ਹੀ ਹੋਈ ਹੈ ਅਤੇ ਇਸ ਦਿੱਬ ਦ੍ਰਿਸ਼ਟੀ ਕਰਕੇ ਪ੍ਰੀਪੂਰਨ ਪਰਮਾਤਮਾ ਦੇ ਸਨਮੁਖ ਝਾਕੇ ਦਿਦਾਰੇ ਲੈ ਰਿਹਾ ਹੈ ਅਤੇ ਉਸ ਦੇ ਸਰਬ ਵਿਆਪਕ ਸਰੂਪ ਨੂੰ ਸਾਹਮਣੇ ਵੇਖਦਾ ਹੋਇਆ ਉਸ ਨੂੰ ਡੰਡਉਤ ਬੰਦਨਾ ਕਰ ਰਿਹਾ ਹੈ। ਮੇਰੇ ਸਰੀਰ ਵਿਚ ਝਰਨਾਟ ਜਿਹੀ ਫਿਰ ਗਈ, ਮੇਰੀ ਰੋਮਾਵਲੀ ਦੇ ਲੂੰ ਲੂੰ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਮਧੁਰ ਧੁਨੀ ਆ-ਮੁਹਾਰੀ ਨਿਕਲਣ ਲਗ ਪਈ। ਮੈਨੂੰ ਇਕ ਚੱਕਰ ਜਿਹਾ ਆਇਆ, ਮੇਰੀਆਂ ਅੱਖੀਆਂ ਦੇ ਅਗੋਂ ਦ੍ਰਿਸ਼ਟਮਾਨ ਪਸਾਰੇ ਦਾ ਸਭ ਨਜ਼ਾਰਾ ਬੰਦ ਹੋ ਗਿਆ ਤੇ ਹੋਰ ਹੀ ਬਿਸਮਾਦ ਵਰਤ ਗਿਆ, ਜਿਹੜਾ ਮੇਰੇ ਉਤੇ ਅਗੇ ਕਦੇ ਨਹੀਂ ਸੀ ਵਰਤਿਆ। ਮੈਨੂੰ ਮਾਨੋ ਪ੍ਰੀ-ਪੂਰਨ ਬਿਸਮਾਦ ਮੰਡਲ ਦਾ ਆਕਾਸ਼ ਹੀ ਆਕਾਸ਼ ਨਜ਼ਰੀ ਆਉਂਦਾ ਸੀ। ਕੰਨ ਵਿਚ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀ ਅਖੰਡ ਧੁਨੀ ਆ ਰਹੀ ਸੀ, ਜੋ ਮੇਰੇ ਹੀ ਅੰਦਰੋਂ ਨਿਕਲਦੀ ਪ੍ਰਤੀਤ ਹੁੰਦੀ ਸੀ। ਮੇਰੇ ਸਾਹਮਣੇ ਨਾ ਉਹ ਸਾਧੂ ਪਿਆ ਦਿਸਦਾ ਹੈ, ਨਾ ਉਹ ਹੌਜ਼, ਨਾ ਉਹ ਬਗੀਚੀ। ਮੈਨੂੰ ਇਕ ਹੋਰ ਚੱਕਰ ਆਇਆ। ਮੈਂ ਧੜੱਮ ਕਰਦਾ ਡੰਡਉਤ ਪਰਨੇ ਮੂਧਾ ਜਾ ਡਿਗਿਆ, ਪਰ ਇਸ ਡਿੱਗਣ ਵਿਚ ਭੀ ਮੈਨੂੰ ਅਨੰਦ ਆਇਆ। ਖ਼ਬਰ ਨਹੀਂ, ਕਿਤਨਾ ਚਿਰ ਡਿੱਗਾ ਰਿਹਾ ਤੇ ਖ਼ਬਰ ਨਹੀਂ ਉਹ ਦਸ਼ਾ ਕਿਸ ਤਰ੍ਹਾਂ ਪਲਟੀ ਤੇ ਕਿਵੇਂ ਉਠਿਆ ? ਪਰ ਜਦ ਉਠਿਆ ਤਾਂ ਫੇਰ ਦੇਖਦਾ ਹਾਂ, ਕਿ ਉਹੀ ਬਗੀਚਾ, ਉਹੀ ਹੌਜ਼ ਤੇ ਉਹੀ ਸਾਧੂ ਉਵੇਂ ਜਿਵੇਂ ਡੰਡਉਤ ਵਿਚ ਉਸੇ ਥਾਂ ਪਿਆ ਹੈ। ਮੈਂ ਚੌਕੜੀ ਮਾਰ ਕੇ ਰਤਾ ਫ਼ਰਕ ਨਾਲ ਬੈਠ ਗਿਆ ਤੇ ਬਾਣੀ ਦਾ ਪਾਠ ਮੂੰਹ ਵਿਚ ਹੀ ਸੁਰਤੀ ਨਾਲ ਕਰਦਾ ਰਿਹਾ।

ਕਈ ਘੰਟੇ ਪਿੱਛੋਂ ਸਾਧੂ ਉਠਿਆ, ਉਠਣ ਸਾਰ ਆਪਣਾ ਕੰਬਲ ਉਦਾਲੇ ਵਲ੍ਹੇਟ ਕੇ ਮੇਰੇ ਵਲ ਦੇਖਿਆ ਤੇ ਇਸ਼ਾਰਾ ਕੀਤਾ ਕਿ ਪਿਛੇ ਮੁੜ ਜਾਹ, ਮੈਥੋਂ ਕਦ ਮੁੜਿਆ ਜਾਂਦਾ ਸੀ। ਉਹ ਠੰਢੀ ਸੜਕ ਪਰ ਖੇਲ੍ਹਦਾ ਮੇਲ੍ਹਦਾ ਆਪਣੀਆਂ ਲਟਕਾਂ ਮਟਕਾਂ ਵਿਚ ਤੁਰਿਆ ਜਾਵੇ ਤੇ ਮਗਰੇ ਮੈਂ ਤੁਰਿਆ ਜਾਵਾਂ। ਸ਼ਹਿਰ ਤੋਂ ਦੋ ਮੀਲ ਬਾਹਰਵਾਰ ਲਾਰੰਸ ਗਾਰਡਨ ਵਲ ਜਾ ਨਿਕਲੇ। ਰਸਤੇ ਵਿਚ ਸੜਕ ਦੇ ਦੋਹੀਂ ਪਾਸੀਂ ਬੜੀਆਂ ਬੜੀਆਂ ਕੋਠੀਆਂ ਤੇ ਬੰਗਲੇ ਆਏ। ਉਹ ਸਾਧੂ ਜਦ ਚਾਹੇ, ਕਿਸੇ ਭੀ ਬੰਗਲੇ ਤੇ ਸੌਦਾਗਰਾਂ ਦੇ ਮਾਲ ਖ਼ਜ਼ਾਨਿਆਂ ਵਿਚ ਜਾ ਵੜੇ, ਮਾਨੋ ਸੈਰ ਕਰਦਾ ਫਿਰਦਾ ਹੈ। ਉਸ ਨੂੰ ਕੋਈ ਨਾ ਰੋਕੇ, ਮਗਰੇ ਉਸ ਦੇ ਮੈਂ ਜਾ ਵੜਾਂ, ਮੈਨੂੰ ਭੀ ਕੋਈ ਨਾ ਹਟਾਵੇ। ਐਸਾ ਜਾਪੇ ਕਿ ਸਾਨੂੰ ਕੋਈ ਦੇਖਦਾ ਹੀ ਨਹੀਂ, ਅਸੀਂ ਸਭ ਨੂੰ ਦੇਖਦੇ ਹਾਂ। ਲਈਦੇ ਦੇਈਦੇ ਲਾਰੰਸ ਗਾਰਡਨ ਤੋਂ ਭੀ ਪਰ੍ਹਾਂ ਨਿਕਲ ਗਏ। ਓਦੂੰ ਪਰੇ ਮੈਂ ਕਦੇ ਗਿਆ ਹੀ ਨਹੀਂ ਸੀ। ਮੈਨੂੰ ਐਸੇ ਅਸਥਾਨਾਂ ਦੀ ਸੈਰ ਕਰਾਈ ਜਿਹੜੇ ਮੈਂ ਕਦੇ ਦੇਖੇ ਹੀ ਨਹੀਂ ਸਨ। ਸਾਰੇ ਲਾਹੌਰ ਸ਼ਹਿਰ ਦੇ ਦੁਆਲੇ ਦੋ ਮੀਲ ਪਰੇਡੇ ਦੀ ਵਿਥ ਤੇ ਘੁੰਮੇ। ਕਈ ਦੁਮੰਜ਼ਲੇ, ਤਿਮੰਜ਼ਲੇ ਧਉਲਰਾਂ ਤੇ ਅਟਾਰੀਆਂ ਉਪਰ ਭੀ ਚੜ੍ਹੇ ਉਤਰੇ, ਪਰ ਕਿਸੇ ਨਾ ਹੋੜਿਆ, ਚੀਫ਼ਸ ਕਾਲਜ ਦੇ ਹੇਠ

*ਉਸ ਵੇਲੇ ਪੰਜਾਬ ਵਿਚ ਚੀਫ਼ ਕੋਰਟ ਹੀ ਸੀ, ਹਾਈ ਕੋਰਟ ਪਿਛੋਂ ਬਣਿਆ ਹੈ। †ਕਚਹਿਰੀ ਦਾ ਹਾਤਾ।



www.AKJ.Org

ਉਤਲੇ ਸਾਰੇ ਕਮਰਿਆਂ ਵਿਚੋਂ ਦੀ ਸਾਰ ਪਾਰ ਲੰਘ ਗਏ, ਵਿਚੇ ਪ੍ਰੋਫੈਸਰ ਪਏ ਫਿਰਨ ਤੇ ਜਮਾਤਾਂ ਦੀਆਂ ਪੜ੍ਹਾਈਆਂ ਹੋ ਰਹੀਆਂ ਸਨ, ਕਿਤੇ ਭੀ ਸਾਨੂੰ ਕਿਸੇ ਨਾ ਟੋਕਿਆ। ਇਸ ਪ੍ਰਕਾਰ ਦੇ ਸੈਲ ਸਪੱਟੇ ਕਰਦੇ ਕਰਾਉਂਦੇ ਸਾਰੇ ਸ਼ਹਿਰ ਦੇ ਉਦਾਲੇ ਦਾ ਚੱਕਰ ਦਿਨ ਛਿਪਦੇ ਤਕ ਮੁਕਿਆ, ਓੜਕ ਉਹ ਫ਼ਕੀਰ ਸ਼ਾਹ-ਆਲਮੀ ਦਰਵਾਜ਼ੇ ਦੇ ਬਾਹਰਵਾਰ ਇਕ ਚੁਗਾਨ ਵਿਚ ਆ ਬੈਠਾ, ਜਿਥੇ ਅਨੇਕ ਪ੍ਰਕਾਰ ਦੇ ਮਤਿਆਂ ਦੇ ਸਾਧਾਂ ਦੇ ਟੋਲੇ ਅੱਡੋ ਅੱਡੀ ਅਖਾੜੇ ਜਮਾਈ ਬੈਠੇ ਸਨ। ਪਰ ਉਹ ਕਿਸੇ ਟੋਲੇ ਵਿਚ ਨਾ ਰਲਿਆ। ਇਕ ਅਟੰਕ ਜਗ੍ਹਾ ਤੇ ਵਖਰੇ ਜਾ ਬੈਠਾ। ਉਸ ਦੇ ਅਗੇ ਅਨੇਕ ਪ੍ਰਕਾਰ ਦੇ ਪਦਾਰਥਾਂ ਦੇ ਢੇਰ ਆ ਲਗੇ, ਪਰ ਉਸ ਨੂੰ ਪਤਾ ਹੀ ਨਹੀਂ ਕਿ ਉਸ ਦੇ ਮੂਹਰੇ ਕੀ ਪਿਆ ਹੈ। ਉਸ ਦੀਆਂ ਅੱਖਾਂ ਟਟਾਰੇ ਲਗ ਰਹੀਆਂ ਸਨ ਅਤੇ ਝਮਕਦੀਆਂ ਭੀ ਨਹੀਂ ਸਨ; ਮਾਨੋ ਬ੍ਰਹਿਮੰਡ ਅਕਾਸ਼ ਦਾ ਤਮਾਸ਼ਾ ਦੇਖ ਰਹੀਆਂ ਸਨ ਤੇ ਮੈਂ ਸਾਮ੍ਹਣੇ ਥੋੜੀ ਦੂਰ ਖੜਾ ਉਸ ਵਲ ਦੇਖੀ ਜਾਵਾਂ। ਮੈਨੂੰ ਕੋਈ ਸੁਧ ਨਹੀਂ ਕਿ ਕੋਈ ਮੈਨੂੰ ਦੇਖਦਾ ਭੀ ਹੈ ਕਿ ਨਹੀਂ।

ਮੂੰਹ-ਨ੍ਹੇਰਾ ਹੋਣ ਲਗਾ ਤਾਂ ਮੈਨੂੰ ਰਹਿਰਾਸ ਦੇ ਪਾਠ ਦੀ ਸੋਝੀ ਆਈ। ਮੈਂ ਪਾਠ ਕਰਨ ਨਮਿਤ ਇਕਲਵਾਂਝੇ ਜਾ ਬੈਠਾ। ਭੋਗ ਪਾ ਕੇ ਜਦੋਂ ਉਤ ਵਲ ਫੇਰ ਆਇਆ ਤਾਂ ਉਸ ਫ਼ਕੀਰ ਨੂੰ ਉਥੇ ਨਾ ਪਾਇਆ। ਵਿਆਕੁਲ ਹੋ ਕੇ ਇਧਰ ਉਧਰ ਬਥੇਰੀ ਢੂੰਡ ਭਾਲ ਕੀਤੀ, ਪਰ ਕੁਝ ਪਤਾ ਨਾ ਮਿਲਿਆ। ਓੜਕ ਮੈਂ ਨਿਰਾਸ ਹੋ ਕੇ ਨਾਭਾ ਹਾਊਸ ਨੂੰ ਚਲਿਆ ਆਇਆ। ਉਸੇ ਤਰ੍ਹਾਂ ਘਰੋੜੇ ਮੰਜੇ ਤੇ ਆ ਡਿੱਗਾ। ਅੰਨ ਜਲ ਕੁਛ ਨਾ ਕੀਤਾ। ਸਾਰੀ ਰਾਤ ਉਸਲਵੱਟਿਆਂ ਵਿਚ ਲੰਘੀ। ਇਕ ਇਹੋ ਲਗਨ ਲਗੀ ਹੋਈ ਕਿ ਕਿਵੇਂ ਉਸ ਫ਼ਕੀਰ ਦੇ ਫੇਰ ਮੇਲੇ ਹੋਣ।

ਪਰ ਦਿਨ ਚੜ੍ਹਦੇ ਹੀ ਮੇਰੇ ਸਾਥੀ ਮੈਨੂੰ ਧੂ ਘੜੀਸ ਕੇ ਕਾਲਜ ਵਲ ਲੈ ਤੁਰੇ। ਪੁਰਾਣੀ ਅਨਾਰ-ਕਲੀ ਵਿਚ ਜਾ ਪਹੁੰਚੇ ਤਾਂ ਇਕ ਘੜੀਸਾਜ਼ ਦੀ ਦੁਕਾਨ ਉਤੋਂ ਸਾਡੇ ਵਿਚੋਂ ਕਿਸੇ ਘੜੀ ਲੈਣੀ ਸੀ। ਅਸੀਂ ਸਾਰੇ ਹੀ ਉਥੇ ਜਾ ਵੜੇ। ਮੇਰੀ ਨਿਗਾਹ ਬਾਹਰ ਵਲ ਲਗੀ ਹੋਈ ਸੀ ਕਿ ਮਤੇ ਉਹੋ ਫ਼ਕੀਰ ਨਜ਼ਰੀਂ ਪੈ ਜਾਵੇ। ਇਸੇ ਖਿਆਲ ਵਿਚ ਖੜਾ ਸੀ ਕਿ ਝਟ ਪਟ ਉਹੋ ਫ਼ਕੀਰ ਉਸੇ ਦੁਕਾਨ ਦੇ ਅਗੇ ਕਿਧਰੋਂ ਆ ਨਿਕਲਿਆ। ਖੜੋਂਦੇ ਸਾਰ ਮੇਰੀ ਵੱਲ ਤੱਕਿਆ ਤੇ ਮੁਸਕਾਇਆ ਅਤੇ ਖਿਚ ਦੁਆਰਾ ਮੈਨੂੰ ਮਗਰੇ ਧੂ ਕੇ ਲੈ ਤੁਰਿਆ। ਮੇਰੀਆਂ ਕਿਤਾਬਾਂ ਉਥੇ ਹੀ ਪਈਆਂ ਰਹਿ ਗਈਆਂ। ਮੈਨੂੰ ਕਾਲਜ ਜਾਣਾ ਭੁਲ ਗਿਆ। ਮੈਂ ਕਮਲਾ ਜਿਹਾ ਹੋ ਕੇ ਸਾਧੂ ਦੇ ਪਿਛੇ ਲਗ ਗਿਆ। ਕਲ ਵਾਂਗੂ ਉਸੇ ਤਰ੍ਹਾਂ ਪਹਿਲਾਂ ਉਸੇ ਫੁਹਾਰੇ ਵਾਲੇ ਹੌਜ਼ ਦੇ ਚਮਨ ਵਿਚ ਪਹੁੰਚੇ। ਉਥੇ ਉਹ ਖੜੇ ਖੜੋਤੇ ਮੈਨੂੰ ਧਿਆਨ-ਮਗਨ ਹੋਇਆ ਪ੍ਰਤੀਤ ਹੋਇਆ। ਮੈਥੋਂ ਰਿਹਾ ਨਾ ਗਿਆ, ਧਾ ਕੇ ਚਰਨ ਫੜਨ ਨੂੰ ਔਹਲਿਆ, ਪਰ ਪਤਾ ਨਹੀਂ ਉਹ ਕਿਵੇਂ ਤਾੜ ਗਿਆ, ਮੇਰੀ ਠੋਡੀ ਦੇ ਹੇਠਾਂ ਹੱਥ ਪਾ ਕੇ ਉਪਰੋਂ ਬੋਚ ਲਿਆ। ਮੈਂ ਬੁੱਤ ਵਾਂਗੂ ਖੜਾ ਹੀ ਰਹਿ ਗਿਆ ਤੇ ਉਹ ਰਮਤੇ ਹੋ ਤੁਰੇ। ਅਜੇ ਥੋੜੀ ਹੀ ਦੂਰ ਗਏ ਸੀ ਕਿ ਮੈਂ ਨਵਾਂ ਨਿਰੋਆ ਹੋ ਕੇ ਫਿਰ ਪਿਛੇ ਜਾ ਲਗਿਆ। ਹੋਰ ਸਾਰਾ ਵਿਸਥਾਰ ਕੀ ਦਸਾਂ। ਉਹ ਸਾਰਾ ਦਿਨ ਇਸੇ ਤਰ੍ਹਾਂ ਬਿਤਾਇਆ ਕਿ ਉਹ ਅਗੇ ਤੇ ਮੈਂ ਪੰਜ ਕੁ ਕਦਮ ਦੀ ਵਿਥ ਤੇ ਪਿਛੇ। ਬੜੇ ਉਤਾਰ ਚੜ੍ਹਾਉ ਮੈਨੂੰ ਦਿਖਾਏ, ਪਰ ਮੈਂ ਪਿੱਛਾ ਨਾ ਛਡਿਆ। ਗੱਲ ਬਾਤ ਕੋਈ ਨਹੀਂ ਹੋਈ ਅਤੇ ਉਹ ਬੋਲਦੇ ਕਿਸੇ ਨਾਲ ਨਹੀਂ ਸਨ। ਮੇਰੇ ਹਿਰਦੇ ਅੰਦਰ ਇਸ ਗੁਰਵਾਕ ਵਾਲੀ ਸ਼ਰਧਾ ਬੈਠੀ ਹੋਈ ਸੀ ਕਿ:—

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥ ਪੇਖਤ ਹੀ ਪੁੰਨੀਤਿ ਹੋਇ ਭੇਟਤ ਜਪੀਐ ਨਾਉ ॥੧੩੦॥ (੧੩੭੧)

ਸੋ ਮੈਂ ਗੈਲ ਨ ਛਡੀ, ਮਾਰਗ ਲਗਾ ਹੀ ਚਲਿਆ ਗਿਆ। ਉਸ ਵੇਲੇ ਇਨ੍ਹਾਂ ਤੁਕਾਂ ਦੇ ਇਹੋ ਸਾਧਾਰਨ ਭਾਵ-ਅਰਥ ਹੀ ਮੇਰੇ ਅੰਦਰ ਦ੍ਰਿੜ੍ਹ ਸਨ। ਅਜ ਵੀ ਕਲ ਵਾਂਗੂ ਰੰਗਾ-ਰੰਗੀ ਬਚਿੱਤ੍ਰ ਰਚਨਾ ਮਹਿਲ ਮਾੜੀਆਂ ਦੇ ਰੰਗ ਤਮਾਸ਼ੇ ਦੇਖੇ ਜੋ ਮੈਂ ਸੁਪਨੇ ਵਿਚ ਵੀ ਨਹੀਂ ਦੇਖੇ ਸਨ, ਪਰਤੱਖ ਤਾਂ ਕੀ



www.AKJ.Org

ਦੇਖਣੇ ਸਨ। ਮੁਕਦੀ ਗੱਲ ਇਹ ਕਿ ਅਜ ਦਾ ਗੇੜ ਵੀ ਕਲ ਵਾਂਗੂ ਹੀ ਲਗਾ ਤੇ ਸਾਰੇ ਦਿਨ ਵਿਚ ਦੀ ਮੁਕਿਆ। ਆਥਣ ਜਿਥੇ ਕਲ ਆ ਕੇ ਬੈਠੇ ਸੀ, ਆ ਕੇ ਦਮ ਲਿਆ।

## ਸਾਧੂ ਉਪਰੋਂ ਸ਼ਰਧਾ ਉਠ ਜਾਣੀ—

ਮੇਰੀ ਸ਼ਰਧਾ ਭਾਵਨੀ ਉਸ ਫ਼ਕੀਰ ਪਰ ਕਲ ਨਾਲੋਂ ਭੀ ਅਧਿਕ ਵਧ ਗਈ।ਤੇ ਵਧਦੇ ਵਧਦੇ ਹੋਰ ਹੀ ਵਹਿਣ ਦੇ ਰੰਗਾਂ ਵਿਚ ਪੈਣ ਲਗੀ ਸੀ ਕਿ ਅਚਾਨਕ ਭਾਣਾ ਹੋਰ ਹੀ ਵਰਤ ਗਿਆ। ਉਹ ਜਿਹੜਾ ਬੀਤ ਰਾਗ ਸਾਧੂ ਪਰਤੀਤ ਹੁੰਦਾ ਸੀ, ਉਹ ਜਿਸ ਨੂੰ ਮੈਂ ਜਾਣ ਚੁਕਾ ਸੀ ਕਿ ਜਿਸ ਨੂੰ ਸੰਸਾਰ ਭਰ ਦੇ ਮਾਇਕ ਪਦਾਰਥ ਪੋਹ ਤਕ ਨਹੀਂ ਸਕਦੇ, ਜਿਸ ਨੂੰ ਮੈਂ ਪਉਣਹਾਰੀ ਨਿਰਾਹਾਰ ਫ਼ਕੀਰ ਮਨ ਬਚ ਕ੍ਰਮ ਕਰ ਕੇ ਸਮਝ ਚੁਕਾ ਸੀ ਅਤੇ ਉਸ ਦੇ ਅਗੇ ਭਾਂਤ ਭਾਂਤ ਦੇ ਪਕਵਾਨ ਭੋਜਨ ਤੇ ਮੇਵਿਆਂ ਦੇ ਢੇਰ ਲਗੇ ਪਏ ਹਨ, ਕਿਸੇ ਵਲ ਤਕਦਾ ਭੀ ਨਹੀਂ, ਲਓ! ਅਚਾਨਕ ਮੇਰੀ ਨਿਰਾਸਤਾ ਨੂੰ ਕੀ ਭਾਣਾ ਵਰਤ ਜਾਂਦਾ ਹੈ ਕਿ ਇਕ ਆਦਮੀ ਸੁਲਫ਼ੇ ਦੀ ਚਿਲਮ ਅੱਗ ਨਾਲ ਭਖਦੀ ਉਸ ਦੇ ਅਗੇ ਲਿਆਉਂਦਾ ਹੈ ਤੇ ਉਹ ਫ਼ਕੀਰ ਬਗ਼ੈਰ ਕਿਸੇ ਸੰਕੋਚ ਦੇ ਤਾਬੜ ਤੋੜ ਉਸ ਚਿਲਮ ਨੂੰ ਹੱਥ ਵਿਚ ਫੜ ਕੇ ਸੂਟੇ ਲਾਉਣ ਲਗ ਜਾਂਦਾ ਹੈ। ਦੇਖਣ ਸਾਰ ਮੇਰਾ ਕਾਲਜਾ ਪਾਟ ਗਿਆ, ਮੇਰੇ ਕੋਮਲ ਸ਼ਰਧਾਵਾਨ ਹਿਰਦੇ ਉਤੇ ਐਸੀ ਬੱਜਰ ਬਿੱਜ ਪਈ ਕਿ ਮੇਰੇ ਪੈਰਾਂ ਹੇਠੋਂ ਮਿਟੀ ਨਿਕਲ ਗਈ ਤੇ ਧੜੰਮ ਦੇ ਕੇ ਗ਼ਸ਼ ਖਾ ਕੇ ਡਿੱਗਾ। ਹਾਲ ਹਾਲ ਹੋ ਗਈ। ਮੈਨੂੰ ਖ਼ਬਰ ਨਹੀਂ, ਕਿਵੇਂ ਹੋਸ਼ ਆਈ; ਪਰ ਹੋਸ਼ ਆਉਣ ਸਾਰ ਮੈਂ ਆਪਣੇ ਕਾਲਜੇ ਨੂੰ ਥੰਮ੍ਹ ਕੇ ਉਥੋਂ ਤੁਰਨ ਦੀ ਕੀਤੀ। ਮੈਨੂੰ ਤੁਰਦੇ ਨੂੰ ਹੀ, ਉਸ ਕਦੇ ਨ ਬੋਲਣ ਵਾਲੇ ਤੇ ਕਦੇ ਕਿਸੇ ਦੀ ਪਰਵਾਹ ਨਾ ਕਰਨਹਾਰੇ ਫ਼ਕੀਰ ਨੇ ਆਣ ਵੰਗਾਰਿਆ ਕਿ:—

"ਕਿਉਂ! ਇਤਨੀ ਹੀ ਜੀਰਾਂਦ ਸੀ? ਥੋੜੇ ਵਿਚ ਹੀ ਪਰਖੇ ਗਏ ਤੇ ਅਸ਼ਰਧਕ ਹੋ ਕੇ ਮੂੰਹ ਮੋੜ ਚਲੇ?"

ਮੈਂ ਆਖਿਆ ਕਿ ਜੇ ਹੁਣ ਤੂੰ ਰੱਬ ਬਣ ਕੇ ਭੀ ਆਵੇਂ ਤਾਂ ਮੇਰੀ ਸ਼ਰਧਾ ਤੇਰੇ ਉਤੇ ਨਹੀਂ ਜੰਮੇਗੀ। ਤੇ ਮੈਂ ਇਹ ਤੁਕ ਪੜ੍ਹੀ:—

ਮੈ ਜਾਨਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ॥੧੨੩॥
[ਮ: ੩, ਸਲੋਕ ਫ਼ਰੀਦ ਜੀ, ੧੩੮੪

ਅਤੇ ਪੜ੍ਹਦੇ ਸਾਰ ਹੀ ਉਸ ਥੋਂ ਪੱਲਾ ਛੁਡਾ ਕੇ ਚਲਦਾ ਲਗਾ। ਮੇਰੇ ਪਿਛੇ ਇਕ ਹੋਰ ਆਦਮੀ ਦੌੜਦਾ ਆਇਆ ਤੇ ਮੇਰੇ ਨਾਲ ਨਾਲ ਤੁਰ ਪਿਆ ਅਤੇ ਇਸ ਪਰਕਾਰ ਦਾ ਛੇੜ ਛੇੜਿਆ:—

ਉਹ ਆਦਮੀ—ਭਾਈ! ਜਿਸ ਨੇ ਕਦੇ ਕਿਸੇ ਨੂੰ ਬੁਲਾਇਆ ਨਹੀਂ ਤੇ ਕਦੇ ਕਿਸੇ ਦੀ ਪਰਵਾਹ ਨਹੀਂ ਕੀਤੀ, ਉਸ ਸਾਈਂ ਫ਼ਕੀਰ ਨੇ ਤੈਨੂੰ ਆਪ ਬੁਲਾਇਆ ਹੈ, ਤੂੰ ਉਸ ਨੂੰ ਪਿੱਠ ਦੇ ਕੇ ਤੁਰ ਪਿਆ, ਇਹ ਤੇਰੇ ਬੜੇ ਅਭਾਗ ਹਨ। ਇਹ ਬੜਾ ਪਹੁੰਚਿਆ ਹੋਇਆ ਸਾਧੂ ਫ਼ਕੀਰ ਹੈ ਤੇ ਬੜੀ ਉਚੀ ਕੁਲ ਦਾ ਕਸ਼ਮੀਰੀ ਬ੍ਰਾਹਮਣ ਹੈ, ਜੋ ਕਈ ਬਰਸਾਂ ਤੋਂ ਬਿਰੱਕਤ ਬੀਤ ਰਾਗ ਹੋ ਕੇ ਏਥੇ ਬਿਚਰਦਾ ਹੈ, ਅਤੇ ਮੋਨਧਾਰੀ ਹੋ ਕੇ ਹਮੇਸ਼ਾ ਆਪਣੇ ਰੰਗਾਂ ਵਿਚ ਮਸਤ ਰਹਿੰਦਾ ਹੈ। ਅਜ ਪਹਿਲਾ ਦਿਨ ਹੈ ਕਿ ਇਸ ਨੇ ਤੇਰੇ ਨਾਲ ਬਚਨ ਬਿਲਾਸ ਕੀਤਾ। ਤੇਰੇ ਮਨ ਵਿਚ ਕੀ ਆਈ ਕਿ ਇਸ ਤੋਂ ਮੂੰਹ ਮੋੜ ਚਲਿਆ ਹੈਂ?

ਮੈਂ—ਭਾਈ! ਭਾਵੇਂ ਕੋਈ ਕਿਤਨਾ ਹੀ ਵਡਾ ਫਕੀਰ ਹੋਵੇ, ਅਸੀਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ। ਉਚ ਕੁਲ ਤੇ ਲੌਕਿਕ ਵਡਿਆਈ ਕਰਨ ਦੀ ਇਥੇ ਕੋਈ ਪਰਵਾਹ ਪਰਖ ਨਹੀਂ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ
ਨੀਚੁ ॥ ਨਾਨਕ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ......॥੪॥੩॥
[ਸਿਰੀ ਰਾਗੁ ਮ: ੧, ਪੰਨਾ ੧੫

ਉਹ ਆਦਮੀ—ਫੇਰ ਤੈਂ ਉਸ ਵਿਚ ਕੀ ਐਬ ਦੇਖਿਆ?

ਮੈਂ—ਕਿਸੇ ਦੇ ਐਬ ਦੇਖਣ ਦਾ ਸਾਡਾ ਕੋਈ ਮਤਲਬ ਨਹੀਂ। ਮਨ ਨਹੀਂ ਮੰਨਿਆ, ਬੇੜਾ



www.AKJ.Org

ਜਰਜਰਾ ਦੇਖਿਆ ਤਾਂ "ਉਤਰਿ ਪਰਿਓ ਹਉ ਫਰਕਿ" ਬਸ ਏਦੂੰ ਵਧ ਹੋਰ ਬਾਹਲੀ ਗੱਲ ਕਰਨ ਦੀ ਲੋੜ ਨਹੀਂ। ਤੁਸੀਂ ਆਪਣੇ ਰਾਹ ਲਗੋ, ਮੈਨੂੰ ਆਪਣੇ ਰਾਹ ਜਾਣ ਦਿਓ। ਗੱਲ ਕੀ, ਉਸ ਆਦਮੀ ਨੂੰ ਓੜਕ ਖਿਸਕਣਾ ਹੀ ਪਿਆ ਅਤੇ ਮੈਂ ਗੋਲ ਬਾਗ ਵਿਚ ਜਾ ਕੇ ਏਕਾਂਤ ਅਸਥਾਨ ਬੈਠ ਕੇ ਰਹਿਰਾਸ ਦਾ ਪਾਠ ਬੜੀ ਵੈਰਾਗ ਬ੍ਰਿਤੀ ਵਿਚ ਕੀਤਾ। ਭੋਗ ਪਾ ਅਰਦਾਸਾ ਸੋਧਿਆ :—

## *ਪ੍ਰੇਮ-ਭਿੰਨਾ ਅਰਦਾਸਾ—*

"ਹੇ ਸਚੇ ਪਾਤਸ਼ਾਹ ! ਇਸ ਭਰਮ ਭੁਲੇ ਭਟਕਣਹਾਰ ਆਪਣੇ ਇਆਣੇ ਬਾਲਕ ਨੂੰ ਅਜ ਤੈਂ ਆਪਣੀ ਅਪਾਰ ਕਿਰਪਾ ਕਰਿ ਉਭਾਰਿਆ ਹੈ। ਤੇਰੀ ਲਾਈ ਹੋਈ ਸਿੱਕ ਲਗੀ, ਤੈਂ ਹੀ ਇਸ ਦਾਸ ਨੂੰ, ਖੋਜ ਬੈਰਾਗੀ ਬਣਾਇਆ। ਤੂੰ ਹੀ ਕਸ ਕਸਵਟੀ ਲਾਵਣਹਾਰ ਹੈਂ, ਤੂੰ ਹੀ ਪਰਖ ਖਜ਼ਾਨੇ ਪਾਵਣਹਾਰ ਹੈਂ, ਤੂੰ ਹੀ ਲਗੀ ਪ੍ਰੀਤ ਨੂੰ ਓੜ ਨਿਭਾਵਣਹਾਰ ਹੈਂ। ਅਡੋਲ ਸ਼ਰਧਾ ਭਾਵਨੀ ਵਾਲੀ ਗੁਰਮਤਿ ਪਰਦਾਨ ਕਰ ਤੇ ਤੇਰੇ ਹੀ ਘਰ ਦੇ ਸੰਤਾਂ, ਭਗਤਾਂ, ਸਾਧੂਆਂ ਅਤੇ ਗੁਰਮੁਖਾਂ ਦੀ ਚਰਨ ਸਰਨ ਅਤੇ ਸੰਗਤ ਪ੍ਰਾਪਤ ਹੋਵੇ ਅਤੇ ਗੁਰਮਤਿ ਅਸੂਲਾਂ ਦੀ ਧਾਰਨਾ ਦੇ ਧਾਰਨੀ ਸਦਾ ਆਪਣੇ ਇਸ ਆਸਾਵੰਤ ਦਾਸ ਨੂੰ ਬਣਾਈ ਰਖੀਂ !"

ਇਸ ਪ੍ਰਕਾਰ ਦੇ ਭਾਵ ਦੀ ਜੋਦੜੀ ਅਰਦਾਸੇ ਵਿਚ ਕੀਤੀ ਤੇ ਠੰਢਾ ਠਾਰ ਹੋ ਕੇ ਆਪਣੇ ਬਿਸ੍ਰਾਮ-ਅਸਥਾਨ ਤੇ ਜਾ ਬਿਰਾਜਿਆ। ਦੂਜੇ ਦਿਨ ਛੁਟੀ ਸੀ। ਮੈਂ ਅੰਮ੍ਰਿਤ ਵੇਲੇ ਹੀ ਇਸ਼ਨਾਨ ਪਾਠ ਕਰ ਕੇ ਦਿਨ ਚੜ੍ਹਦੇ ਸਾਰ ਇਕੱਲਾ ਹੀ ਗੁਰੂ ਕੀਆਂ ਸੰਗਤਾਂ ਦੇ ਦਰਸ਼ਨੀ ਦੀਵਾਨਾਂ ਵਿਚ ਜਾ ਜੁੜਨ ਦੇ ਲਾਹੇ ਲਈ ਉਤਾਵਲਾ ਹੋ ਕੇ ਨਿਕਲ ਤੁਰਿਆ। ਮੈਨੂੰ ਸੂਝ ਨਹੀਂ ਸੀ ਕਿ ਕਿਤ ਵਲ ਜਾਂਦਾ ਹਾਂ। ਐਵੇਂ ਅੰਦਰੋਂ ਹੀ ਪਰੇਰਨਾ ਹੋਈ ਕਿ ਚਲੋ ਅੱਜ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਦਾ ਦਰਸ਼ਨ ਚਲ ਕਰੀਏ। ਅਤੀਤ ਬੈਰਾਗੀ ਹੋ ਕੇ ਉਤ ਵਲ ਚਲ ਨਿਕਲਿਆ।

## *ਇਕ ਗ਼ੈਬੀ ਬਿਰਧ ਸਿੰਘ ਦੇ ਦਰਸ਼ਨ—*

ਜਦ ਮੈਂ ਉਥੇ ਪਹੁੰਚਿਆ ਤੇ ਅਜੇ ਸ਼ਹੀਦ ਗੰਜ ਦੇ ਬੂਹੇ ਵੜਨ ਹੀ ਲਗਾ ਸੀ ਕਿ ਇਕ ਬਿਰਧ ਸਿੰਘ ਸੁਜਾਨ ਚਿਟੇ ਦਾੜ੍ਹੇ ਵਾਲੇ ਮੈਨੂੰ ਮਿਲੇ। ਦਾਸ ਨੇ ਦੋਇ ਕਰ ਜੋੜ ਫ਼ਤਹ ਬੁਲਾਈ ਤੇ ਉਨ੍ਹਾਂ ਦੇ ਅਗੇ ਨਿਉਂ ਕੇ ਖਲੋਇਆ। ਉਹਨਾਂ ਮੈਨੂੰ ਥਾਪਣਾ ਦੇ ਕੇ ਆਖਿਆ :—

"ਜਾਹ, ਤੇਰੇ ਉਤੇ ਗੁਰੂ ਕੀਆਂ ਖ਼ੁਸ਼ੀਆਂ ਹਨ। ਤੂੰ ਸੁਲਫ਼ਈ ਫ਼ਕੀਰ ਉਤੇ ਨਹੀਂ ਰੀਝਿਆ। ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਹਾਵੇਗੀ। ਜਾਹ ! ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ। ਏਹੀ ਸੱਚੇ ਗੁਰੂ ਕਲਿਜੁਗ ਦੇ ਹਨ। ਇਨ੍ਹਾਂ ਦੇ ਲੜ ਲਗਿਆਂ ਹੀ ਪਾਰ-ਉਤਾਰਾ ਹੋਵਸੀ। ਨਿਤ ਉਠ ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ ਪਾਠ ਕੀਤਾ ਕਰ।"

ਇਤਨੇ ਬਚਨ ਕਹਿ ਕੇ ਉਹ ਬਿਰਧ ਸਿੰਘ ਲੋਪ ਹੋ ਗਿਆ।

ਦਾਸ ਰਸ-ਪ੍ਰੇਮ ਭਰਿਆ ਸ਼ਹੀਦ-ਅਸਥਾਨ ਦੇ ਅੰਦਰ ਆਇਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਪਾਠ ਕੀਤੇ। ਮੈਨੂੰ ਯਾਦ ਨਹੀਂ ਕਿ ਉਸ ਵਕਤ ਕਿਹੜਾ ਗੁਰਵਾਕ ਆਇਆ, ਪਰ ਉਸ ਦਾ ਭਾਵ ਉਤਸ਼ਾਹ-ਦਾਤਾ ਤੇ ਗੁਰਮਤਿ ਦੀ ਚੜ੍ਹਦੀ ਕਲਾ ਵਿਚ ਉਭਾਰਨ ਵਾਲਾ ਸੀ। ਬਸ ! ਉਸ ਦਿਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦਾ ਨੇਮ ਪ੍ਰੇਮ ਅਰੰਭ ਹੋ ਗਿਆ, ਗੁਰੂ ਦੀਆਂ ਸੰਗਤਾਂ ਦੀ ਟਹਿਲ ਮਹਿਲ ਪ੍ਰਾਪਤ ਹੋਣ ਲਗ ਪਈ। ਮੇਰੇ ਵਾਸਤੇ ਸੱਚੀ ਵਿਦਿਆ ਗੁਰਮਤਿ ਵਿਦਿਆ ਦੇ ਗੁਪਤ ਖ਼ਜ਼ਾਨੇ ਖੁਲ੍ਹ ਗਏ ਅਤੇ ਸੰਸਾਰੀ ਵਿਦਿਆ ਅਵਿਦਿਆ ਹੀ ਭਾਸਣ ਲਗ ਪਈ। ਉਧਰ ਰੁਚੀ ਹੀ ਨਾ ਜਾਵੇ, ਐਵੇਂ ਬੱਧਾ ਚੱਟੀ ਭਰਦਾ ਰਹਾਂ।

—o—



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ-ਸਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੨. *ਬ੍ਰਿਛ ਦੀ ਛਾਂ—*

ਇਕ ਦਿਨ ਰਾਇ ਫੇਰ ਗਿਆ ਸੀ ਸ਼ਿਕਾਰ ਨੂੰ ਕਿ ਕਿਸੇ ਕੰਮੇ। ਜਾਂ ਦਿਨ ਢਲੇ ਮੁੜਿਆ ਤਾਂ ਵੇਖੇ ਕਿ ਇਕ ਘਾਹ ਦਾ ਖੇਤ ਹੈ, ਡੰਗਰ ਪਏ ਚਰਦੇ ਹਨ, ਇਕ ਪਾਸੇ ਸੁੱਤਾ ਪਿਆ ਏ ਇਕ ਵਡੇਰਾ ਬਾਲਕ। ਹੋਰ ਬ੍ਰਿਛਾਂ ਦੇ ਪਰਛਾਵੇਂ ਤਾਂ ਢਲ ਗਏ ਹਨ, ਪਰ ਇਸੇ ਦੇ ਸਰੀਰ ਉਤੇ ਬ੍ਰਿਛ ਦੀ ਛਾਂ ਪੈ ਰਹੀ ਹੈ! ਹਰਿਆਨ ਹੋ ਕੇ ਨੀਝ ਲਾ ਕੇ ਤੱਕਿਓਸੁ ਤਾਂ ਪਛਾਣ ਲਿਓਸੁ ਕਿ ਇਹ ਤਾਂ ਓਹੋ ਨਾਨਕ ਹੈ, ਜਿਸ ਖੇਤ ਹਰਾ ਕੀਤਾ ਸੀ ਤੇ ਜਿਸ ਦੇ ਸਿਰ ਤੇ ਨਾਗ ਫਨ ਖਿਲਾਰੀ ਖੜਾ ਦੇਖਿਆ ਸੀ। ਅੱਜ ਦੇਖੋ ਬ੍ਰਿਛ ਦੀ ਛਾਂ ਹੋਰਥੋਂ ਢਲ ਗਈ ਹੈ, ਪਰ ਇਸ ਦੇ ਸਿਰ ਤੋਂ ਨਹੀਂ ਢਲੀ। ਸਮਝਿਓਸੁ ਕਿ ਇਹ ਜ਼ਰੂਰ ਕਰਾਮਾਤੀ ਹੈ, ਇਹ ਜ਼ਰੂਰ ਰੱਬ ਦਾ ਬੰਦਾ ਏ। ਜਾਂ ਰਾਇ ਦੇ ਦਾਸ ਨੇ ਜਗਾਇਆ ਤਾਂ ਰੱਬ ਜੀ ਦੇ ਕੁਮਾਰ ਬਾਲਕੇ ਉਠ ਖੜੇ ਹੋਏ। ਰਾਇ ਵੱਲ ਤੱਕੇ, ਨੈਣ ਭਰ ਫੇਰ ਫੇਰ ਤੱਕੇ। ਰਾਇ ਨੂੰ ਸੁਆਦ ਆ ਗਿਆ, ਐਉਂ ਲਗੋਸੁ ਕਿ ਤੱਕਣੀ ਵਿਚ ਪਿਆਰ ਏ ਤੇ ਸੁਆਦ ਏ।

ਅੱਜ ਤੋਂ ਰਾਇ ਨੂੰ ਪੱਕਾ ਭਰੋਸਾ ਹੋ ਗਿਆ ਕਿ ਇਹ ਰੱਬ ਦਾ ਏ। ਫੇਰ ਰਾਇ ਕਦੇ ਨਾ ਡੋਲਿਆ ਤੇ ਦਿਨੋਂ ਦਿਨ ਉਸ ਦਾ ਪਿਆਰ ਤੇ ਸ਼ਰਧਾ ਵਧਦੀ ਗਈ ਤੇ ਉਹਨਾਂ ਨੂੰ ਆਪਣਾ ਗੁਰੂ ਸਮਝ ਕੇ, ਸੁਮਤਿ ਲੈ ਕੇ ਆਪ ਬੀ ਪਰਮੇਸ਼ੁਰ ਨੂੰ ਪਿਆਰ ਕਰਨ ਵਾਲਾ ਬਣ ਗਿਆ। ਉਸ ਦਾ ਗੁਰੂ ਨਾਨਕ ਨੇ ਏਥੇ ਵੀ ਭਲਾ ਕੀਤਾ ਤੇ ਰੱਬ ਦੇ ਘਰ ਵੀ ਉਸ ਦਾ ਭਲਾ ਕਰ ਦਿਤਾ।

ਮਹਿਤਾ ਕਾਲੂ ਜਦੋਂ ਉਦਾਸ ਹੋਵੇ ਤੇ ਪੁੱਤ ਨੂੰ ਕਮਲਾ ਸਮਝ ਕੇ ਉਦਾਸ ਹੋਵੇ, ਕਦੇ ਨਿਕੰਮਾ ਵੇਹਲਾ ਰਹਿਣ ਵਾਲਾ ਫਿਰਤੂ ਸਮਝੇ ਤੇ ਦਿਲਗੀਰ ਹੋਵੇ ਜਾਂ ਕਦੇ ਗੁੱਸੇ ਵਿਚ ਆਵੇ ਤਾਂ ਰਾਇ ਬੁਲਾਰ ਉਸ ਨੂੰ ਸਮਝਾਇਆ ਕਰੇ, "ਕਾਲੂ! ਇਹ ਪੁੱਤ ਹੀਰਾ ਏ ਹੀਰਾ! ਇਹ ਰੱਬ ਦਾ ਪੁੱਤ ਹਈ। ਇਹ ਕੋਈ ਆਇਆ ਹੈ ਸਾਈਂ ਰੱਬ ਦੇ ਘਰੋਂ, ਇਸ ਦਾ ਅਦਬ ਕਰ। ਇਸ ਨੂੰ ਕਦੇ ਕੋਈ ਫਿਟ ਮਰ ਨਾ ਦੇਈਂ।" ਅਰਥ ਇਹ ਕਿ ਗਾਲ੍ਹ ਨਾ ਕੱਢੀਂ।

['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ

---

# ਅਖੰਡ ਕੀਰਤਨੀ ਜੱਥੇ ਵੱਲੋਂ ਪਰਚਾਰ-ਦੌਰਾ

ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਇਤਲਾਹ ਦਿੰਦੇ ਹਨ ਕਿ ਦਿਆਲਪੁਰ ਤੇ ਕਰਤਾਰਪੁਰ ਦੇ ਅਖੰਡ ਕੀਰਤਨੀ ਜਥੇ ਵਲੋਂ ੧੦ ਸਤੰਬਰ ਤੋਂ ੨੯ ਅਕਤੂਬਰ ਤਕ ਹੇਠ ਲਿਖੇ ਪਿੰਡਾਂ ਵਿਚ ਕੀਰਤਨ ਦੇ ਪ੍ਰੋਗਰਾਮ ਰਖੇ ਗਏ ਹਨ। ਕੀਰਤਨ ਦਾ ਵਕਤ ਸ਼ਾਮ ਨੂੰ ਅੱਠ ਤੋਂ ਸਾਢੇ ਦਸ ਤਕ ਹੈ। ਇਲਾਕੇ ਦੀਆਂ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

੧੦ ਸਤੰਬਰ ਨੂੰ ਰੈਣ ਸਬਾਈ ਕੀਰਤਨ ਦਿਆਲਪੁਰ ਭਾਈ ਗੁਲਜ਼ਾਰ ਸਿੰਘ ਜੀ ਦੇ ਗ੍ਰਿਹ ਵਿਖੇ **ਸਤੰਬਰ** ੧੨ ਕੋਟ, ੧੩ ਬਿਸਰਾਮਪੁਰ, ੧ ਖ਼ੁਸਰੋਪੁਰ, ੧੬ ਪਤੜ ਕਲਾਂ, ੨੧, ਰਾਮਗੜ੍ਹ, ੨੨ ਬਿਧੀਪੁਰ, ੨੪ ਸਰਾਏ ਖਾਸ, ੨੫ ਲਿਦੜਾਂ, ੨੭ ਕਾਲਵਾਂ, ੨੯ ਕਰਤਾਰਪੁਰ ਗੁ: ਮਾਤਾ ਗੁਜਰੀ ਜੀ, **ਅਕਤੂਬਰ** ੧ ਰੈਣ ਸਬਾਈ ਫ਼ਾਜ਼ਲਕਾ (ਫ਼ੀਰੋਜ਼ਪੁਰ), ੨ ਬਲਾਂ, ੩ ਮੰਡਾਂ, ੫ ਮੰਨਣਾਂ, ੬ ਚੀਮਾਂ, ੮ ਡੱਲਾ, ੯ ਅੰਬ ਗੜ੍ਹ, ੧੧ ਟਾਹਲੀ ਸਾਹਿਬ, ੧੩ ਕਰਤਾਰਪੁਰ ਗੁ: ਬਾਬਾ ਨਿਧਾਨ ਸਿੰਘ, ੧੪ ਫ਼ਤਹ ਜਲਾਲ, ੧੫ ਜਾਤੀਕੇ, ੧੬ ਧੀਰਪੁਰ, ੧੭, ਮਨਾਰ, ੧੯ ਹਮੀਰਾ, ੨੦ ਕਰਤਾਰਪੁਰ ਗੁ: ਅਕਾਲਗੜ੍ਹ, ੨੬ ਕਰਤਾਰਪੁਰ ਗੁ: ਥੰਮ੍ਹ ਸਾਹਿਬ, ੨੯ ਰਾਏਪੁਰ ਸ: ਹਰੀ ਸਿੰਘ ਦੇ ਗ੍ਰਿਹ ਵਿਖੇ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ-ਸਾਖੀਆਂ

## ਪਟਨਾ ਸਾਹਿਬ ਤੋਂ ਪੰਜਾਬ ਨੂੰ ਵਾਪਸੀ ਸਮੇਂ ਰਸਤੇ ਦੇ ਸਮਾਚਾਰ

[ ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ]

### ੧੮. ਕਾਂਸ਼ੀ ਤੋਂ ਅਗਲਾ ਸਫ਼ਰ—

[ ਅਲਾਹਬਾਦ ]

ਕਾਂਸ਼ੀ, ਜਿਸ ਦਾ ਦੂਸਰਾ ਨਾਮ ਬਨਾਰਸ ਹੈ, ਏਥੇ ਆਪ ਜੀ ਦਾ ਡੇਰਾ ਕੁਝ ਦਿਨ ਪਿਆ ਰਿਹਾ। ਪਰ ਫੇਰ ਕਾਂਸ਼ੀ ਤੋਂ ਬੀ ਟੁਰ ਪਏ। ਕਈ ਜਗ੍ਹਾ ਮੁਕਾਮ ਕਰਦੇ ਪ੍ਰਯਾਗ ਪਹੁੰਚੇ। ਇਸ ਥਾਂ ਤੇ ਗੰਗਾ ਜਮਨਾ ਦੋਹਾਂ ਨਦੀਆਂ ਦਾ ਮੇਲ ਹੁੰਦਾ ਹੈ ਤੇ ਲੋਕਾਂ ਦਾ ਖਿਆਲ ਹੈ ਕਿ ਤੀਸਰੀ ਨਦੀ ਸੁਰਸ੍ਵਤੀ ਬੀ ਹੇਠੋਂ ਹੇਠ ਜ਼ਮੀਨ ਦੇ ਵਿਚੋਂ ਵਿਚੋਂ ਜਾ ਕੇ ਏਥੇ ਆ ਮਿਲਦੀ ਹੈ। ਇਸ ਕਰਕੇ ਇਸ ਥਾਂ ਨੂੰ ਤ੍ਰਿਬੇਣੀ ਵੀ ਆਖਦੇ ਹਨ। ਤ੍ਰਿ+ਵੇਣੀ—ਤਿੰਨਾਂ ਨਦੀਆਂ ਦਾ ਇਕੱਠੇ ਹੋ ਕੇ ਵਗ ਪੈਣ ਦਾ ਥਾਉਂ। ਇਥੇ ਸ਼ਹਿਰ ਬੀ ਵਸਦਾ ਹੈ। ਸ਼ਹਿਰ ਨੂੰ ਪ੍ਰਯਾਗ ਸੱਦਦੇ ਸਨ, ਮੁਸਲਮਾਨੀ ਰਾਜ ਵਿਚ ਇਸ ਦਾ ਨਾਂ 'ਅਲਾਹਬਾਦ' ਰਖ ਦਿੱਤਾ ਸੀ, ਜੋ ਹੁਣ ਪ੍ਰਸਿੱਧ ਹੈ। ਏਥੇ ਆਸਾਮ ਜਾਂਦੇ ਹੋਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਟਿਕੇ ਸਨ, ਮਹੱਲਾ ਮਾਯਾ ਪੁਰ ਵਿਚ। ਇਥੇ ਹੁਣ ਗੁਰਦੁਆਰਾ ਹੈ*। ਕਾਂਸ਼ੀ ਤੋਂ ਸਫਰ ਕਰਦੇ ਕਈ ਜਗ੍ਹਾ ਮੁਕਾਮ ਕਰਦੇ, ਸੰਗਤਾਂ ਨੂੰ ਦਰਸ਼ਨ ਦੇਂਦੇ, ਬਾਲਾ ਪ੍ਰੀਤਮ ਜੀ ਸਾਰੇ ਸਾਥ ਸਮੇਤ ਅਲਾਹਬਾਦ ਏਸੇ ਮਕਾਨ ਵਿਚ ਆ ਠਹਿਰੇ।

ਏਥੇ ਗੁਰ ਸਿਖੀ ਕਾਫੀ ਸੀ। ਸੰਗਤਾਂ ਗੁਰ ਨੰਦਨ ਆਏ ਸੁਣ ਕੇ ਬਹੁਤ ਆਈਆਂ, ਦੋ ਵੇਲੇ ਦੀਵਾਨ ਲਗੇ; ਸਾਹਿਬਜ਼ਾਦੇ ਜੀ ਵਿਚ ਦਰਸ਼ਨ ਦੇਣ, ਭੇਟਾ ਕਬੂਲਣ ਤੇ ਸਫਲ ਕਰਨ। ਕਦੇ ਕਦੇ ਸੁਹਣੇ ਵਾਕ ਬੀ ਕਰਨ। ਲਿਖਿਆ ਹੈ ਕਿ ਏਥੇ ਇਕ ਪੁਤਰ ਵਿਹੂਣੇ ਸੇਠ ਨੂੰ ਆਪ ਨੇ ਅਸੀਸ ਦਿੱਤੀ ਕਿ ਤੇਰੇ ਘਰ ਪੁਤਰ ਆਏਗਾ, ਸੋ ਠੀਕ ਹੋਇਆ। ਜਦੋਂ ਇਸ ਦੇ ਪੁਤਰ ਹੋਇਆ, ਇਸ ਨੇ ਇਸ ਗੁਰਦੁਆਰੇ ਨਾਲ ਇਕ ਬਾਗ ਤੇ ਕੁਛ ਰਸਤਾਂ ਲੰਗਰ ਵਾਸਤੇ ਲਾ ਦਿੱਤੀਆਂ, ਜੋ ਲਿਖਯਾ ਹੈ ਕਿ ਹੁਣ ਤਕ ਹੈਨ।

### ੧੯. ਅਯੁਧਿਆ—

ਕੁਛ ਦਿਨ ਪ੍ਰਯਾਗ ਰਹਿ ਕੇ ਨਦੀ ਸੰਗਮ (ਜਿਥੇ ਨਦੀਆਂ ਦੋਵੇਂ ਮਿਲ ਜਾਂਦੀਆਂ ਹਨ) ਤੇ ਹੋਰ ਥਾਵਾਂ ਦਾ ਸੈਲ ਕਰ ਕੇ ਅਯੁੱਧਿਆ ਨੂੰ ਟੁਰ ਪਏ। ਅਯੁੱਧਿਆ ਅਵਧ ਦੇਸ਼ ਦੀ ਰਾਜਧਾਨੀ ਹੈ। ਇਥੇ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ ਸੀ। ਇਹ ਪੁਰਾਣਾ ਨਗਰ ਹੈ। ਸੂਰਜ ਬੰਸੀ ਰਾਜਿਆਂ ਦੀ ਰਾਜਧਾਨੀ ਸੀ। ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਗਏ ਸਨ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਬੀ ਗਏ ਸਨ; ਜਿਨ੍ਹਾਂ ਦਾ ਗੁਰਦੁਆਰਾ ਏਥੇ ਹੈ ਜੋ ਸਰਯੂ ਨਦੀ ਦੇ ਕਿਨਾਰੇ ਹੈ।

ਹੁਣ ਸ੍ਰੀ ਬਾਲਾ ਪ੍ਰੀਤਮ ਜੀ ਗੁਰ ਸਿੱਖਾਂ ਨੂੰ ਥਾਂ ਥਾਂ ਦਰਸ਼ਨਾਂ ਨਾਲ ਨਿਹਾਲ ਕਰਦੇ ਏਥੇ ਅੱਪੜੇ। 'ਵਸ਼ਿਸ਼ਟ ਕੁੰਡ' ਪਾਸ ਡੇਰਾ ਕੀਤਾ, ਜਿਥੇ ਹੁਣ ਗੁਰਦੁਆਰਾ ਹੈ। ਏਥੇ ਕੁਛ ਦਿਨ ਠਹਿਰ ਕੇ ਫਿਰ ਟੁਰੇ ਤੇ ਆਈ ਸੰਗਤ ਨੂੰ ਨਿਹਾਲ ਕੀਤਾ।

### ੨੦. ਗੁਰੂ ਨਾਨਕ ਮਤਾ (ਪੀਲੀ ਭੀਤ)—

ਹੁਣ ਏਥੋਂ ਬੀ ਟੁਰੇ; ਕਈ ਥਾਂ ਮੁਕਾਮ ਕਰਦੇ ਨਾਨਕ ਮਤੇ ਪਹੁੰਚੇ। ਏਸ ਥਾਂ ਦਾ ਨਾਂ ਪਹਿਲਾਂ ਗੋਰਖ ਮਤਾ ਸੀ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਤੇ ਜਿੱਤ ਪਾ ਕੇ ਏਸ ਥਾਂ ਕੁਛ ਚਿਰ ਡੇਰਾ ਲਾਇਆ ਤਦ ਤੋਂ ਨਾਮ ਨਾਨਕ ਮਤਾ ਹੈ।

ਸਿੱਧ ਆਖਦੇ ਹਨ ਜੋਗੀਆਂ ਦੇ ਵਡੇ ਨੂੰ। ਇਹਨਾਂ ਨੇ ਗੁਰੂ ਜੀ ਨਾਲ ਵਿਚਾਰ ਤੇ ਸ਼ਾਸਤ੍ਰਾਂ ਦੇ

*ਇਸ ਗੁਰਦੁਆਰੇ ਦਾ ਪ੍ਰਬੰਧ ਨਿਰਮਲੇ ਸੰਤਾਂ ਦੇ ਵਸੀਕਾਰ ਵਿਚ ਹੈ।



www.AKJ.Org

ਝਗੜੇ ਕੀਤੇ ਸਨ ਤੇ ਹਾਰੇ ਸਨ।

ਫੇਰ ਜੋਗੀਆਂ ਨੇ ਏਥੋਂ ਦੇ ਗੁਰੂ ਕੇ ਸੇਵਕ ਅਲਮਸਤ ਤੇ ਕੁਛ ਧੱਕਾ ਕੀਤਾ ਤਾਂ ਛੇਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਥੇ ਪਹੁੰਚੇ ਤੇ ਮਹੰਤ ਨੂੰ ਮੁੜ ਕੇ ਮਾਲਕ ਬਣਾਇਆ ਸੀ। ਏਥੇ ਹੁਣ ਗੁਰ-ਨੰਦਨ ਜੀ ਆ ਟਿਕੇ; ਦੋ ਤ੍ਰੈ ਦਿਨ ਰਹਿ ਕੇ ਅਗੇ ਟੁਰ ਪਏ। ਮਹੰਤ ਤੇ ਗੁਰ ਸਿਖਾਂ ਨੂੰ ਨਿਹਾਲ ਕੀਤਾ।ਏਥੋਂ ਟੁਰ ਕੇ ਪੀਲੀ ਭੀਤ ਆਏ। ਏਥੇ ਇਕ ਵਡਾ ਪ੍ਰਤਾਪੀ ਆਦਮੀ ਗੁਰੂ ਕਾ ਸਿਖ ਸੀ, ਇਸ ਦਾ ਨਾਮ ਸੀ ਰਾਜਾ ਸ਼ਮਸ਼ੇਰ ਬਹਾਦਰ। ਇਹ ਛੇਵੇਂ ਗੁਰੂ ਜੀ ਦੇ ਸਿਖ ਰਾਜਾ ਬਾਜ਼ ਬਹਾਦਰ ਦਾ ਪੁਤ੍ਰ ਸੀ। ਇਸ ਨੇ ਪੰਜ ਦਿਨ ਬੜੇ ਆਦਰ ਨਾਲ ਆਪ ਜੀ ਨੂੰ ਪਾਸ ਰਖਿਆ ਤੇ ਬੜੇ ਆਦਰ ਤੇ ਪਿਆਰ ਨਾਲ ਵਿਦਿਆ ਕੀਤਾ।

## ੨੧. ਦੇਵ ਨਗਰ,ਲਖਨਊ,ਬਠੂਰ,ਮਥਰਾ-

ਏਥੋਂ ਟੁਰ ਕੇ ਦੇਵ ਨਗਰ* ਆਏ, ਜਿਥੇ ਛੇਵੇਂ ਗੁਰੂ ਜੀ ਦੇ ਸਿਖ ਬਿਧੀਚੰਦ ਦੀ ਸਮਾਧ ਹੈ। ਏਥੋਂ ਬਿਧੀ ਚੰਦ ਦੇ ਚੇਲੇ ਸੁੰਦਰ ਸ਼ਾਹ ਦੇ ਸੇਵਕਾਂ ਨੂੰ ਨਿਹਾਲ ਕਰਦੇ ਲਖਨਊ ਅੱਪੜ ਪਏ। ਏਥੇ ਉਦਾਸੀ ਸੰਤਾਂ ਨੇ ਪਾਸ ਉਤਾਰਿਆ ਤੇ ਬਹੁਤ ਸਨਮਾਨ ਕੀਤਾ। ਗੁਰੂ ਨੰਦਨ ਜੀ ਟੁਰਨ ਵੇਲੇ ਇਕ ਕ੍ਰਿਪਾਨ ਆਪਣੀ ਨਿਸ਼ਾਨੀ ਉਹਨਾਂ ਨੂੰ ਦੇ ਆਏ†।

ਏਥੋਂ ਟੁਰ ਕੇ ਗੰਗਾ ਕਿਨਾਰੇ 'ਬਠੂਰ' ਵਸਤੀ ਆ ਠਹਿਰੇ। ਏਥੇ ਇਕ ਦੋ ਦਿਨ ਠਹਿਰੇ, ਤਪੱਸੀਆਂ ਨੂੰ ਉਤਮ ਉਪਦੇਸ਼ ਦਿੱਤਾ। ਫੇਰ ਮਥਰਾ ਹੁੰਦੇ ਹੋਏ ਅੱਗੇ ਟੁਰ ਪਏ ਤੇ ਕਈ ਥਾਂ ਠਹਿਰਦੇ ਛੇਕੜ ਹਰਿਦੁਆਰ ਪਹੁੰਚੇ ਤੇ ਕਨਖਲ ਵਾਲੇ ਤੀਸਰੀ ਪਾਤਸ਼ਾਹੀ ਦੇ ਗੁਰਦੁਆਰੇ ਠਹਿਰੇ। ਏਥੋਂ ਫੇਰ ਹੇਠ ਨੂੰ ਹੋ ਟੁਰੇ ਤੇ ਬੂੜੀਏ ਤੋਂ ਹੁੰਦੇ, ਦਾਮਲੇ ਤੋਂ ਲੰਘਦੇ, ਅੰਬਾਲੇ ਦੇ ਨੇੜੇ ਪਿੰਡ ਲਖਨੌਰ ਪਹੁੰਚੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਏਥੇ ਕੁਛ ਦਿਨ ਠਹਿਰਨੇ ਲਈ ਹੁਕਮ ਪੁੱਜਾ ਹੋਇਆ ਸੀ। ਸੋ ਏਥੇ ਕੁਛ ਮਹੀਨੇ ਦਾ ਮੁਕਾਮ ਪਿਆ।

['ਗੁਰ ਬਾਲਮ ਸਾਖੀਆਂ' ਵਿਚੋਂ ਧੰਨਵਾਦ ਸਹਿਤ

*ਇਸ ਨੂੰ ਦੇਵ ਗਾਂਵ ਬੀ ਆਖਦੇ ਹਨ, ਵਸੋਂ ਦੋ ਕੁ ਹਜ਼ਾਰ ਦੀ ਹੈ। ਇਥੇ ਚਾਰ ਚੁਫੇਰੇ ਦੇ ਲੋਕੀ ਬਾਬਾ ਬਿਧੀ ਚੰਦ ਦੀ ਸਮਾਧ ਦਾ ਬੜਾ ਅਦਬ ਕਰਦੇ ਹਨ। ਜ਼ਿਲਾ ਫ਼ੈਜ਼ਾਬਾਦ ਹੈ। ਪੋਹ ਸੁਦੀ ਚੌਦਸ਼ ਨੂੰ ਏਥੇ ਮੇਲਾ ਬੜਾ ਲਗਦਾ ਹੈ। ਸਟੇਸ਼ਨ ਹਦਲੀ ਤੋਂ ਦੇਵ ਗਾਂਵ 14 ਮੀਲ ਹੈ।

†ਤਵਾ: ਖਾ: ਵਿਚ ਲਿਖਿਆ ਹੈ ਕਿ ਭਗਤ ਭਗਵਾਨ ਦੇ ਡੇਰੇ ਇਹ ਕ੍ਰਿਪਾਨ ਪੂਜਾ ਵਿਚ ਹੁਣ ਤਾਈ ਰਖੀ ਹੋਈ ਹੈ।

# "ਅਉਸਰੁ ਕਰਹੁ ਹਮਾਰਾ ਪੂਰਾ ਜੀਉ"

[ ਵਲੋਂ :—ਸ: ਦੇਵਾ ਸਿੰਘ ਜੀ 'ਕਿਰਤੀ', ਅੰਮ੍ਰਿਤਸਰ ]

ਕਲਜੁਗ ਕਾਲੀ ਰਾਤ ਹਨੇਰੀ, ਹੋਇਆ ਅੰਧ ਅੰਧੇਰਾ, ਚਾਰ ਚੁਫੇਰਾ।
ਥਾਂ ਥਾਂ ਠੇਡੇ ਲਗਣ ਜਿਥੇ ਟੁਰਨਾ ਬੜਾ ਔਖੇਰਾ, ਹੈ ਇਸ ਬੇਰਾ।
ਗੁਰਬਾਣੀ ਦਾ ਚਾਨਣ ਕਿਧਰੇ, ਸਤਸੰਗਤ ਦਾ ਡੇਰਾ, ਬੜਾ ਚੰਗੇਰਾ।
'ਕਿਰਤੀ' ਸਤਿਗੁਰ ਆਪ ਮਿਲਾਵੇ, ਕਰ ਕਿਰਪਾ ਜੇ ਮੇਰਾ, ਭਾਗ ਮਥੇਰਾ। ੧।
ਇਕ ਦਰ ਇਹ ਭਵ-ਸਾਗਰ ਭਾਰਾ, ਜਿਥੇ ਕੋਈ ਨਾ ਚਾਰਾ, ਪਾਣੀ ਖਾਰਾ।
ਇਕ ਦਰ ਉਹ ਕਰਤਾਰ ਵਸੇ, ਜੋ ਸਭ ਦਾ ਪਾਲਣਹਾਰਾ ਅਤੇ ਸਹਾਰਾ।
ਵਿਚ ਸਤਸੰਗਤ ਦਾ 'ਪੁਲ' ਇਕੋ, ਜਿਸ ਨੂੰ ਮਿਲੇ ਸਹਾਰਾ, ਜਨਮ ਸਵਾਰਾ।
'ਕਿਰਤੀ' ਗੁਰਬਾਣੀ ਦੇ ਬੇੜੇ ਚੜ੍ਹ ਜਾਏ ਇਕ ਵਾਰਾ, ਪਾਰ ਉਤਾਰਾ। ੨।
ਓਹਨਾਂ ਨੇ ਭਵ-ਸਾਗਰ ਵਿਚੋਂ ਰੁੜ੍ਹਦੇ ਕਈ ਬਚਾਏ, ਫ਼ਰਜ਼ ਨਿਭਾਏ।
ਸਤਸੰਗਤ ਦੀ ਰੰਗਤ ਚਾੜ੍ਹੀ ਜੋ ਜੋ ਨੇੜੇ ਆਏ, ਰੰਗ ਰੰਗਾਏ।
ਗੁਰਬਾਣੀ ਦਾ ਪਾਣੀ ਪਾ ਪਾ ਸੜਦੇ ਸੀਤ ਕਰਾਏ, ਕੀਰਤਨ ਗਾਏ।
'ਕਿਰਤੀ' ਜਿਹੇ ਨਿਮਾਣੇ ਪਾਪੀ ਗੁਰ ਕੀ ਚਰਨੀ ਲਾਏ, ਕਰਮ ਕਮਾਏ। ੩।



www.AKJ.Org

# ਮਾਸਾਹਾਰੀ ਤੇ ਸਾਕਾਹਾਰੀ ਸਰੀਰਾਂ ਦੀ ਬਣਤਰ ਵਿਚ ਫ਼ਰਕ

[ਵਲੋਂ :—ਜੇ ਪੀ. ਸੰਗਤ ਸਿੰਘ ਜੀ, 7੬/੩, ਬੰਬਈ—82]

ਕੁਦਰਤ ਨੇ ਵੀ ਮਾਸਾਹਾਰੀ ਅਥਵਾ ਨਿਰਾਮਸ਼ (ਸਾਕਾਹਾਰੀ) ਜੀਵਾਂ ਦੀ ਸਰੀਰ-ਬਣਤਰ, ਆਦਤਾਂ ਤੇ ਸੁਭਾਆਂ ਵਿਚ ਵਿਆਪਕ ਫ਼ਰਕ ਰਖਿਆ ਹੈ। ਕੁਦਰਤ ਦੇ ਰਖੇ ਇਸ ਫ਼ਰਕ ਅਨੁਸਾਰ ਵੀ ਮਨੁੱਖ ਦਾ ਸਾਕਾਹਾਰੀ ਹੋਣਾ ਹੀ ਸਿਧ ਹੁੰਦਾ ਹੈ। ਮਸ਼ਹੂਰ ਹੈ ਕਿ ਮਾਸ, ਪਸ਼ੂਆਂ ਜਾਂ ਰਾਕਸ਼ਾਂ ਦੀ ਖ਼ੁਰਾਕ ਹੈ। ਇਹ ਸਾਤਵਿਕ ਅਥਵਾ ਸਦਾਚਾਰਕ ਮਨੁੱਖ ਦੀ ਖ਼ੁਰਾਕ ਹਰਗਿਜ਼ ਨਹੀਂ ਹੋ ਸਕਦੀ।

ਕੁਦਰਤ ਨੇ ਮਾਸਾਹਾਰੀ ਤੇ ਸਾਕਾਹਾਰੀ ਜੀਵਾਂ ਵਿਚ ਜੋ ਫ਼ਰਕ ਰਖਿਆ ਹੈ, ਇਸ ਪ੍ਰਕਾਰ ਹੈ—

੧. ਮਾਸਾਹਾਰੀ ਜੀਵਾਂ ਦੇ ਦੰਦ ਗੋਲ, ਨੋਕਦਾਰ ਤੇ ਅਗੋਂ ਤਿਖੇ ਹੁੰਦੇ ਹਨ, ਪਰ ਸਾਕਾਹਾਰੀ ਜੀਵਾਂ ਦੇ ਦੰਦ ਚਪਟੇ ਤੇ ਅਗੋਂ ਸਿਧੇ ਪਧਰੇ ਹੁੰਦੇ ਹਨ।

ਮਨੁੱਖ ਦੇ ਚਾਰ ਦੰਦ ਚਪਟੇ ਤੇ ਹਰ ਚੋਥੇ ਦੰਦ ਪਿਛੋਂ ਇਕ ਦੰਦ ਗੋਲ ਹੁੰਦਾ ਹੈ, ਪਰ ਉਹ ਗੋਲ ਦੰਦ ਮਾਸਾਹਾਰੀ ਜੀਵਾਂ ਦੇ ਦੰਦਾਂ ਵਰਗਾ ਅੱਗੋਂ ਨੋਕਦਾਰ ਨਹੀਂ, ਸਗੋਂ ਪਧਰਾ ਹੁੰਦਾ ਹੈ।

੨. ਮਾਸਾਹਾਰੀ ਜੀਵਾਂ ਦੇ ਸਰੀਰ ਵਿਚ ਪਸੀਨਾ ਕਢਣ ਦੀਆਂ ਗ੍ਰੰਥੀਆਂ ਨਹੀਂ ਹੁੰਦੀਆਂ, ਜਿਸ ਕਰਕੇ ਉਨ੍ਹਾਂ ਦੇ ਸਰੀਰ ਵਿਚ ਪਸੀਨਾ ਨਹੀਂ ਆਉਂਦਾ ਅਤੇ ਵਧੇਰੇ ਥਕਾਵਟ ਜਾਂ ਗਰਮੀ ਕਾਰਨ ਉਨ੍ਹਾਂ ਨੂੰ ਹੋਂਕਣੀ ਲਗ ਜਾਂਦੀ ਹੈ ਅਤੇ ਜੀਭਾ ਰਾਹੀਂ ਹੀ ਉਨ੍ਹਾਂ ਦਾ ਪਸੀਨਾ ਨਿਕਲਦਾ ਰਹਿੰਦਾ ਹੈ। ਇਸ ਤਰ੍ਹਾਂ ਹੀ ਉਨ੍ਹਾਂ ਦਾ ਸਰੀਰਕ ਤਾਪਮਾਨ ਸੰਤੁਲਿਤ ਹੁੰਦਾ ਹੈ।

ਜਦ ਕਿ ਸਾਕਾਹਾਰੀ ਜੀਵਾਂ ਅਤੇ ਮਨੁੱਖਾਂ ਦੇ ਸਰੀਰ ਵਿਚ ਪਸੀਨਾ ਆਉਂਦਾ ਹੈ।

੩. ਮਾਸਾਹਾਰੀ ਜੀਵ ਪਾਣੀ ਆਦਿ ਪੀਣ ਵਾਲੀ ਵਸਤੂ ਡੀਕ ਲਾ ਕੇ ਨਹੀਂ ਪੀ ਸਕਦੇ। ਉਹ ਜਾਂ ਤਾਂ ਲਕ ਲਕ ਕਰ ਕੇ ਪੀਂਦੇ ਹਨ ਜਾਂ ਮੂੰਹ ਨੂੰ ਉਪਰ ਵਲ ਕਰ ਕੇ ਪੀ ਸਕਦੇ ਹਨ।

ਜਦ ਕਿ ਸਾਕਾਹਾਰੀ ਜੀਵ ਅਤੇ ਮਨੁਖ ਪੀਣ ਵਾਲੇ ਪਦਾਰਥ ਡੀਕ ਲਾ ਕੇ ਪੀ ਸਕਦੇ ਹਨ।

੪. ਮਾਸਾਹਾਰੀ ਪਸ਼ੂ ਪੰਖੀਆਂ ਦਾ ਮਿਹਦਾ ਇਤਨਾ ਸਖ਼ਤ ਹੁੰਦਾ ਹੈ ਅਤੇ ਹਾਜ਼ਮਾ ਇਤਨਾ ਤੇਜ਼ ਕਿ ਉਹ ਕੱਚਾ ਮਾਸ ਖਾ ਕੇ ਵੀ ਪਚਾ ਸਕਦੇ ਹਨ।

ਐਪਰ ਸਾਕਾਹਾਰੀ ਜੀਵਾਂ ਅਤੇ ਮਨੁੱਖਾਂ ਦਾ ਮਿਹਦਾ, ਹਾਜ਼ਮਾ ਤੇ ਪਾਚਨ-ਸ਼ਕਤੀ ਇਤਨੀ ਤੇਜ਼ ਨਹੀਂ ਹੁੰਦੀ।

੫. ਮਾਸਾਹਾਰੀ ਜੀਵਾਂ ਦੀਆਂ ਆਂਦਰਾਂ ਦੀ ਲੰਬਾਈ ਸਾਕਾਹਾਰੀ ਜੀਵਾਂ ਦੀਆਂ ਆਂਦਰਾਂ ਦੀ ਲੰਬਾਈ ਨਾਲੋਂ ਬਹੁਤ ਘਟ ਹੁੰਦੀ ਹੈ, ਤਾਂ ਜੁ ਮਾਸ ਉਨ੍ਹਾਂ ਦੇ ਸਰੀਰ ਵਿਚ ਬਹੁਤ ਦੇਰ ਰਹਿ ਕੇ ਉਸ ਨਾਲ ਫੈਲਣ ਵਾਲੀਆਂ ਬੀਮਾਰੀਆਂ ਦੇ ਕੀਟਾਣੂ, ਅੰਦਰ ਨਾ ਫੈਲ ਸਕਣ। ਉਨ੍ਹਾਂ ਦੀਆਂ ਆਂਦਰਾਂ ਛੋਟੀਆਂ ਰਖ ਕੇ ਕੁਦਰਤ ਨੇ ਉਨ੍ਹਾਂ ਜੀਵਾਂ ਦੀ ਸੁਰੱਖਿਆ ਦਾ ਪ੍ਰਬੰਧ ਇਸ ਤਰ੍ਹਾਂ ਕਰ ਰਖਿਆ ਹੈ ਕਿ ਇਹਨਾਂ ਦਾ ਖਾਧਾ ਪੀਤਾ ਮਾਸਾਹਾਰੀ ਪਦਾਰਥ ਜਲਦੀ ਤੋਂ ਜਲਦੀਬਾਹਰ ਨਿਕਲ ਜਾਏ।

ਸਾਕਾਹਾਰੀ ਜੀਵਾਂ ਦੀਆਂ ਆਂਦਰਾਂ ਮਾਸਾ-ਹਾਰੀ ਜੀਵਾਂ ਦੀਆਂ ਆਂਦਰਾਂ ਨਾਲੋਂ ਬਹੁਤ ਲੰਬੀਆਂ ਹੁੰਦੀਆਂ ਹਨ।

ਮਨੁੱਖਾਂ ਦੀਆਂ ਆਂਦਰਾਂ ਦੀ ਲੰਬਾਈ ਵੀ ਸਾਕਾਹਾਰੀਆਂ ਵਾਂਗੂ ਮਾਸਾਹਾਰੀਆਂ ਨਾਲੋਂ ਲੰਬੀ ਹੀ ਹੁੰਦੀ ਹੈ।

੬. ਮਾਸਾਹਾਰੀ ਜੀਵਾਂ ਦੇ ਜਬਾੜੇ ਕੇਵਲ ਉਪਰ ਤੇ ਥਲੇ ਹੀ ਖੁਲ੍ਹ ਸਕਦੇ ਹਨ, ਖਬੇ ਸਜੇ ਨਹੀਂ।

ਪਰ ਸਾਕਾਹਾਰੀ ਜੰਤੂਆਂ ਦੇ ਜਬਾੜੇ ਉਪਰ ਥਲੇ, ਸਜੇ ਖਬੇ, ਹਰ ਪਾਸੇ ਹੀ ਖੁਲ੍ਹ ਸਕਦੇ ਅਤੇ ਕੰਮ ਕਰ ਸਕਦੇ ਹਨ।

ਮਨੁਖਾਂ ਦੇ ਜਬਾੜੇ ਵੀ ਸਾਕਾਹਾਰੀਆਂ ਵਾਂਗੂ ਉਪਰ ਥਲੇ, ਸਜੇ ਖਬੇ ਹਰ ਪਾਸੇ ਖੁਲ੍ਹਦੇ ਤੇ ਕੰਮ



www.AKJ.Org

ਕਰਦੇ ਹਨ।

੭. ਮਾਸਾਹਾਰੀ ਜੀਵਾਂ ਦੀ ਥੁੱਕ ਵਿਚ "ਟਾਈਲਨ" ਨਾਮੀ ਰਸ ਬਿਲਕੁਲ ਨਹੀਂ ਹੁੰਦਾ। ਇਹ ਰਸ ਨਸ਼ਾਸਤਾ ਹਜ਼ਮ ਕਰਦਾ ਹੈ।
ਸਾਕਾਹਾਰੀ ਜੀਵਾਂ ਦੀ ਥੁੱਕ ਵਿਚ ਇਹ ਰਸ ਹੁੰਦਾ ਹੈ, ਜਿਸ ਨਾਲ ਕੁਝ ਮਾਤ੍ਰਾ ਵਿਚ ਨਸ਼ਾਸਤਾ ਮੂੰਹ ਵਿਚ ਹੀ ਹਜ਼ਮ ਹੋ ਜਾਂਦਾ ਹੈ। ਮਨੁਖ ਦੀ ਥੁੱਕ ਵਿਚ ਵੀ ਇਹ ਰਸ ਮੌਜੂਦ ਹੁੰਦਾ ਹੈ।

੮. ਮਾਸਾਹਾਰੀ ਜੀਵਾਂ ਦੇ ਮਿਹਦੇ ਵਿਚ ਲੂਣ ਦੇ ਤਿਜ਼ਾਬ ਦੀ ਮਾਤ੍ਰਾ ਮਨੁਖਾਂ ਅਥਵਾ ਸਾਕਾਹਾਰੀ ਜੀਵਾਂ ਨਾਲੋਂ ਤਕਰੀਬਨ ਦਸ ਗੁਣਾ ਵਧ ਹੁੰਦੀ ਹੈ। ਇਹੋ ਤਿਜ਼ਾਬ ਹੀ ਮਾਸਾਹਾਰੀਆਂ ਦੇ ਖਾਧੇ ਕਚੇ ਮਾਸ ਨੂੰ ਹਜ਼ਮ ਕਰਦਾ ਹੈ।

੯. ਮਾਸਾਹਾਰੀ ਜੀਵਾਂ ਦੀਆਂ ਅੱਖਾਂ ਗੋਲ ਹੁੰਦੀਆਂ ਹਨ, ਜਦ ਕਿ ਸਾਕਾਹਾਰੀ ਜੀਵਾਂ ਦੀਆਂ ਬਦਾਮ-ਵੰਨੀਆਂ। ਮਨੁੱਖ ਦੀਆਂ ਅੱਖਾਂ ਵੀ ਸਾਕਾਹਾਰੀਆਂ ਵਾਂਗੂ ਬਦਾਮ-ਵੰਨੀਆਂ ਹੁੰਦੀਆਂ ਹਨ।

੧੦. ਮਾਸਾਹਾਰੀ ਜੀਵਾਂ ਨੂੰ ਕੁਦਰਤ ਨੇ ਪੰਜੇ ਅਤੇ ਸ਼ਕਤੀ-ਸ਼ਾਲੀ ਨਹੁੰ ਦਿਤੇ ਹਨ, ਜਿਨ੍ਹਾਂ ਨਾਲ ਉਹ ਆਪਣੇ ਸ਼ਿਕਾਰ ਦੀ ਚੀਰ ਫਾੜ ਕਰਦੇ ਅਥਵਾ ਸਫ਼ਾਈ ਕਰਦੇ ਹਨ, ਪਰ ਸਾਕਾਹਾਰੀ ਜੀਵਾਂ ਨੂੰ ਖੁਰ ਦਿਤੇ ਗਏ ਹਨ, ਉਹ ਇਤਨੇ ਸਖਤ ਨਹੀਂ ਹਨ।
ਮਨੁੱਖ ਦੇ ਨਹੁੰ ਵੀ ਮਾਸਾਹਾਰੀਆਂ ਵਾਂਗੂ ਸਖ਼ਤ ਨਹੀਂ ਹਨ।
(ਡਾ: ਪ੍ਰਿਥੀਪਾਲ ਸਿੰਘ ਹੰਸਪਾਲ, ਇੰਗਲੈਂਡ "ਪ੍ਰਾਣ ਪੂਜਾ" 'ਚੋਂ ਧੰਨਵਾਦ ਸਹਿਤ)

ਕੁਦਰਤ ਵਲੋਂ ਮਾਸਾਹਾਰੀ ਤੇ ਸਾਕਾਹਾਰੀ ਜੀਵਾਂ ਦੀ ਬਣਤਰ, ਸੁਭਾਅ ਤੇ ਆਦਤਾਂ ਅਨੁਸਾਰ ਮਨੁਖ ਸਾਕਾਹਾਰੀ ਜੀਵਾਂ ਨਾਲ ਕਈ ਪੱਖਾਂ ਤੋਂ ਮਿਲਦਾ ਜੁਲਦਾ ਹੈ, ਪਰ ਮਾਸਾਹਾਰੀ ਜੀਵਾਂ ਨਾਲ ਉਸ ਦਾ ਕੁਝ ਵੀ ਸਾਂਝਾ ਨਹੀਂ ਹੈ। ਇਹ ਗੱਲ ਵੀ ਸਿਧ ਕਰਦੀ ਹੈ ਕਿ ਮਨੁਖ ਹਰਗਿਜ਼ ਹਰਗਿਜ਼ ਮਾਸਾਹਾਰੀ ਨਹੀਂ ਹੈ।

ਡਾਰਵਨ ਥੀਊਰੀ ਅਨੁਸਾਰ, ਮਨੁਖ ਐਪਸ, ਬੰਦਰ ਅਤੇ ਔਰੰਗਟਨ ਦਾ ਸੁਧਰਿਆ ਹੋਇਆ ਰੂਪ ਹੈ। ਔਰੰਗਟਨ ਅਜ ਵੀ ਮਲਕਾ ਵਿਕਟੋਰੀਆ ਗਾਰਡਨ ਬੰਬਈ ਦੇ ਚਿੜੀਆ ਘਰ ਵਿਚ ਵੇਖਿਆ ਜਾ ਸਕਦਾ ਹੈ। ਇਹ ਬਿਲਕੁਲ ਮਨੁਖ ਦਾ ਬੱਚਾ ਹੀ ਪ੍ਰਤੀਤ ਹੁੰਦਾ ਹੈ।

ਸ਼ੇਰ ਮਾਸਾਹਾਰੀ ਜੀਵ ਹੈ, ਪਰ ਓਹ ਕਦੇ ਵੀ ਕਿਸੇ ਦੂਜੇ ਦਾ ਮਾਰਿਆ ਹੋਇਆ ਨਹੀਂ ਖਾਂਦਾ। ਸਾਡੇ ਝਟਕਾ ਖਾਣ ਵਾਲੇ ਵੀ ਅਖਵਾਂਦੇ ਤਾਂ ਆਪਣੇ ਆਪ ਨੂੰ ਸਿੰਘ (ਸ਼ੇਰ) ਹੀ ਹਨ, ਪਰ ਇਹ ੯੯ ਫ਼ੀ ਸਦੀ ਦੂਜਿਆਂ ਦਾ ਮਾਰਿਆਂ ਹੀ ਖਾਂਦੇ ਹਨ। ਇਹ ਮਾਸ ਖਾਂਦੇ ਹਨ ਜਾਂ ਤਾਂ ਬਜਾਰੋਂ ਕਸਾਈਆਂ ਝਟਕਈਆਂ ਤੋਂ ਖ਼ਰੀਦ ਕੇ, ਅਥਵਾ ਆਪਣੇ ਘਰ ਦੇ ਨੌਕਰਾਂ, ਜਿਹੜੇ ਜਿਆਦਾ ਕਰਕੇ ਗ਼ੈਰ-ਸਿਖ ਹੁੰਦੇ ਹਨ, ਹਥੋਂ ਬਣਵਾ ਕੇ ਹੀ ਖਾਂਦੇ ਹਨ। ਆਪਣੇ ਹੱਥੀਂ ਤਾਂ ਉਹ ਬਕਰਾ ਤਾਂ ਇਕ ਪਾਸੇ ਰਿਹਾ, ਬਟੇਰਾ ਵੀ ਬਣਾ ਨਹੀਂ ਸਕਦੇ। ਬਟੇਰੇ ਵੀ ਇਹ ਉਨ੍ਹਾਂ ਵੇਚਣ ਵਾਲਿਆਂ ਦੇ ਹਥੋਂ ਬਣਵਾ, ਸਾਫ਼ ਕਰਾ ਕੇ, ਉਨ੍ਹਾਂ ਦੇ ਮੁੜ ਆਉਣ ਤੀਕ ਫ਼ਰਿਜਾਂ ਵਿਚ ਰਖ ਰਖ ਕੇ ਖਾਂਦੇ ਰਹਿੰਦੇ ਹਨ।

ਮਨੁਖ ਅਤੇ ਪਸ਼ੂ ਵਿਚ ਇਕ ਵਿਆਪਕ ਫ਼ਰਕ ਇਹ ਹੈ ਕਿ ਪਸ਼ੂ ਸਾਂਝੀ ਖੁਰਲੀ ਉਤੇ ਖੜੋਤਾ ਹੋਇਆ ਵੀ ਉਤਨਾ ਕੁਝ ਹੀ ਖਾਂਦਾ ਹੈ ਜਿਸ ਨਾਲ ਉਸ ਦਾ ਮਾਤ੍ਰ ਪੇਟ ਭਰ ਜਾਏ। ਪੇਟ ਭਰ ਜਾਣ ਤੇ ਅਤੇ ਰਜ ਜਾਣ ਤੇ ਉਹ ਖਾਣਾ ਬੰਦ ਕਰ ਦੇਂਦਾ ਹੈ, ਪਰ ਅਜ ਦਾ ਮਨੁਖ ਰਜਿਆ ਹੋਇਆ ਵੀ ਖਾਣਾ ਬੰਦ ਨਹੀਂ ਕਰਦਾ ਅਤੇ ਦੂਜਿਆਂ ਦਾ ਹਿੱਸਾ ਮਾਰਨ, ਬਟੋਰਨ ਤੇ ਹੜੱਪਣ ਦੀ ਘਾਤ ਵਿਚ ਰਹਿੰਦਾ ਹੈ। ਇਸ ਦੀਆਂ ਅੱਖਾਂ ਸਦਾ ਹੀ ਦੂਜੇ ਦੇ ਧਨ, ਸੰਪਤੀ, ਸੁਹੱਪਣ, ਰੂਪ ਅਤੇ ਜੋਬਨ ਉਤੇ ਲਗੀਆਂ ਰਹਿੰਦੀਆਂ ਹਨ।



www.AKJ.Org

ਮਨੁਖ ਕੁਦਰਤ ਦੇ ਨਿਯਮਾਂ ਤੋਂ ਮੁਨਕਰ ਹੋ ਗਿਆ ਹੈ, ਖ਼ਾਸ ਕਰਕੇ ਅਹਾਰ ਸੰਬੰਧੀ ਕੁਦਰਤ ਦੇ ਬਣਾਏ ਕਾਇਦਿਆਂ ਕਾਨੂੰਨਾਂ ਤੋਂ ਬਾਗ਼ੀ ਹੋ ਬੈਠਾ ਹੈ। ਇਸੇ ਕਰਕੇ ਇਹ ਵਧੇਰੇ ਵਿਸ਼ੇ ਭੋਗਾਂ ਵਿਚ ਖਚਤ ਹੋ ਰਿਹਾ ਹੈ।

ਸ਼ੇਰ ਨੂੰ ਘਾਹ ਖੁਆਣ ਦਾ ਯਤਨ ਕਰੋ, ਉਹ ਕਦੇ ਨਹੀਂ ਖਾਏਗਾ। ਪਸ਼ੂ ਹੁੰਦੇ ਹੋਏ ਵੀ ਉਸ ਨੂੰ ਇਸ ਗੱਲ ਦੀ ਪੂਰੀ ਪੂਰੀ ਤਮੀਜ਼ ਹੈ ਕਿ ਕੀ ਖਾਣਾ ਹੈ ਤੇ ਕੀ ਨਹੀਂ ਖਾਣਾ। ਗਊ ਨੂੰ ਮਾਸ ਖੁਆਉ, ਉਹ ਕਦੇ ਨਹੀਂ ਖਾਏਗੀ, ਉਹ ਵੀ ਜਾਣਦੀ ਹੈ ਕਿ ਕਿਹੜੀ ਵਸਤੂ ਉਸ ਦੇ ਖਾਣ ਯੋਗ ਹੈ ਅਤੇ ਕਿਹੜੀ ਖਾਣ ਯੋਗ ਨਹੀਂ; ਐਪਰ ਮਨੁਖ ਨੂੰ ਤਾਂ ਕੁਝ ਵੀ ਮਿਲ ਜਾਏ, ਯੋਗ ਜਾਂ ਅਯੋਗ, ਇਹ ਸਭ ਕੁਝ ਹੜੱਪ ਕਰੀ ਜਾ ਰਿਹਾ ਹੈ। ਕੁਦਰਤ ਨੇ ਇਸ ਦੇ ਖਾਣ ਲਈ ਕਈ ਪ੍ਰਕਾਰ ਦੇ ਅੰਮ੍ਰਿਤ ਪਦਾਰਥ ਪੈਦਾ ਕਰ ਰਖੇ ਹਨ, ਪਰ ਇਹ ਤਾਂ ਉਨ੍ਹਾਂ ਨੂੰ ਛਡ ਕੇ ਅਖਾਜ ਵਸਤੂਆਂ ਪਿੱਛੇ ਨੱਠਾ ਭਜਾ ਫਿਰਦਾ ਹੈ; ਅੰਮ੍ਰਿਤ ਪਦਾਰਥਾਂ ਨਾਲ ਇਸ ਦੀ ਤ੍ਰਿਪਤੀ ਨਹੀਂ ਹੁੰਦੀ—

ਕਊਆ ਕਾਗ ਕਉ ਅੰਮ੍ਰਿਤੁ ਰਸੁ ਪਾਈਐ
ਤ੍ਰਿਪਤੈ, ਵਿਸਟਾ ਖਾਇ ਮੁਖਿ ਗੋਹੈ ॥

[ਗੂਜਰੀ ਮਹਲਾ ੪, ੪੯੩

ਜਿਸ ਤਰ੍ਹਾਂ ਕਈ ਪ੍ਰਕਾਰ ਦੇ ਅੰਮ੍ਰਿਤ ਪਦਾਰਥ ਹੋਣ ਉਤੇ ਵੀ ਕਾਂ ਦੀ ਤ੍ਰਿਪਤੀ ਨਹੀਂ ਹੁੰਦੀ, ਉਹ ਕੇਵਲ ਵਿਸ਼ਟਾ ਮੈਲਾ ਖਾ ਕੇ ਹੀ ਤ੍ਰਿਪਤ ਹੁੰਦਾ ਹੈ, ਇਸੇ ਤਰ੍ਹਾਂ ਮਾਸ ਦੇ ਸੁਆਦੂ ਅੰਮ੍ਰਿਤ ਪਦਾਰਥਾਂ ਨੂੰ ਛਡ, ਇਸ ਘ੍ਰਿਣਤ ਵਸਤੂ ਦੇ ਪਿਛੇ ਪਏ ਹੋਏ ਹਨ।

ਸਤਿਗੁਰੂ ਜੀ ਨੇ ਮਨੁਖ ਨੂੰ ਸਰਬਤ ਜੀਵਾਂ ਦਾ ਰਾਜਾ (ਸਿਕਦਾਰ) ਦਸਿਆ ਹੈ :—

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

ਆਸਾ ਮਹਲਾ ੫, ਪੰਨਾ ੩੭੪

ਰਾਜੇ ਦਾ ਧਰਮ ਆਪਣੀ ਪਰਜਾ ਦੀ ਰਾਖੀ ਕਰਨਾ ਹੁੰਦਾ ਹੈ, ਨਾ ਕਿ ਆਪਣੀ ਰਈਅਤ ਨੂੰ ਹੀ ਵਢ ਵਢ, ਟੁਕ ਟੁਕ ਤੇ ਝਟਕੱਾ ਝਟਕੱਾ ਖਾਣ ਲਗ ਪੈਣਾ।

ਪੁਰਾਤਨ ਗ੍ਰੰਥਾਂ ਵਿਚ ਜੋ ਛਤੀਹ ਪ੍ਰਕਾਰ ਦੇ ਅੰਮ੍ਰਿਤ ਪਦਾਰਥਾਂ ਦੀ ਸੂਚੀ ਦਿਤੀ ਗਈ ਹੈ, ਉਸ ਵਿਚ ਨਾਂ ਤਾਂ "ਮਾਸ" ਦਾ ਨਾਉਂ ਹੈ ਅਤੇ ਨਾ ਹੀ "ਸ਼ਰਾਬ" ਦਾ। ਭਾਵ ਇਹ ਕਿ ਮਾਸ ਤੇ ਸ਼ਰਾਬ ਅੰਮ੍ਰਿਤ ਵਸਤੂਆਂ ਨਹੀਂ ਹਨ, ਸਗੋਂ ਇਹ ਵਿਸ਼ ਵਸਤੂਆਂ ਹਨ।

ਨੈਤਿਕ ਗ੍ਰੰਥਾਂ ਵਿਚ ਵੀ ਜਿਨ੍ਹਾਂ ਸਤ ਕਰਮਾਂ ਤੋਂ ਬਚ ਕੇ ਰਹਿਣ ਦੀ ਹਦਾਇਤ ਹੈ ਉਨ੍ਹਾਂ ਵਿਚ ਮਾਸ ਖਾਣਾ ਤੇ ਸ਼ਰਾਬ ਪੀਣਾ ਮੁਖ ਹਨ :—

ਜੂਆ, ਮਾਸੁ, ਮਦੁ, ਵੇਸਵਾ, ਹਿੰਸਾ, ਚੋਰੀ, ਨਾਰ।
ਸਪਤ ਲੋਕ ਮੈ ਸਪਤ ਹੈ, ਸਪਤ ਨ ਛੂਹੈ ਉਦਾਰ।

ਅਤੇ ਤੁਲਸੀ ਦਾਸ ਜੀ ਦਾ ਕਹਿਣਾ ਹੈ ਕਿ :

ਰਕਤ ਬਿੰਦ ਕਰ ਸੰਭਵੇ ਜੋ ਨਰ ਭੁੰਚਤ ਮਾਸ।
ਨਰਕ ਪਰੇ, ਨਿਕਸੇ ਨਹੀਂ, ਯਾਵਤ ਇੰਦ ਵਿਭਾਸ।

ਭਾਵ, ਮਾਸ ਖਾਣ ਵਾਲੇ ਨਰਕਾਂ ਵਿਚ ਉਦੋਂ ਤੀਕ ਸੜਦੇ ਰਹਿਣਗੇ ਜਦੋਂ ਤੀਕ ਚੰਨ ਤੇ ਸੂਰਜ ਮੌਜੂਦ ਹਨ :—

ਕਈ ਮਾਸ ਖਾਣੇ ਸਜਣ ਕਹਿੰਦੇ ਹਨ ਕਿ ਅਸੀਂ ਕਿਹੜਾ ਆਪ ਜੀਵ-ਹਤਿਆ ਕਰਦੇ ਹਾਂ, ਅਸੀਂ ਤਾਂ ਬਜ਼ਾਰੋਂ ਖ਼ਰੀਦਦੇ ਹਾਂ, ਇਸ ਦਾ ਪਾਪ ਤਾਂ ਮਾਰਨ ਵਾਲੇ ਨੂੰ ਲਗੇਗਾ, ਪਰ ਨੈਤਿਕ ਸ਼ਾਸਤਰ ਦਾ ਕਹਿਣਾ ਹੈ ਕਿ ਜੀਵ-ਹਤਿਆ ਦਾ ਪਾਪ ਇਨ੍ਹਾਂ ਹੇਠ ਲਿਖੇ ਛੇਆਂ ਨੂੰ ਬਰਾਬਰ ਬਟਾਬਰ ਲਗਦਾ ਹੈ—

ਸ਼ਤ ਕਰਤਾ, ਉਪਦੇਸ਼ਟਤਾ, ਉਪਕਰਤਾ, ਅਨੁਮੰਤ।
ਘਾਤਕ, ਸੁਆਦ, ਖਸ਼ਟ ਇਹ, ਸਮ ਭਾਗੀ ਜੰਤ।

—o—



www.AKJ.Org

# ਮੀਰ ਮੰਨੂੰ ਦੇ ਸਮੇਂ ਦੇ ਸ਼ਹੀਦ

[ਵਲੋਂ—ਗਿ: ਭਜਨ ਸਿੰਘ ਜੀ, ਕਰਤਾ 'ਸਾਡੇ ਸ਼ਹੀਦ']

ਮੀਰ ਮਨੂੰ ਦੇ ਸਮੇਂ ਪੰਜਾਬ ਵਿਚ ਸਿਖ ਇਤਨੀ ਭਾਰੀ ਗਿਣਤੀ ਵਿਚ ਸ਼ਹੀਦ ਕੀਤੇ ਗਏ ਤੇ ਅਜਿਹੇ ਅਤਿਆਚਾਰ ਹੋਏ ਕਿ ਪਿਛਲੀਆਂ ਸਾਰੀਆਂ ਸਖ਼ਤੀਆਂ ਤੇ ਜ਼ੁਲਮ ਵੀ ਮਾਤ ਪੈ ਗਏ। ਇਹ ਤੁਰਾਨੀ ਪਰਵਾਰ ਪੰਜਾਬ ਦਾ ਗਵਰਨਰ ਅੱਧੀ ਸਦੀ ਰਿਹਾ ਤੇ ਇਹ ਸਾਰਾ ਸਮਾਂ ਹੀ ਸਿੱਖਾਂ ਨਾਲ ਇਨ੍ਹਾਂ ਦੀ ਸਖ਼ਤ ਟੱਕਰ ਜਾਰੀ ਰਹੀ। ਇਸ ਟੱਕਰ ਦੇ ਵਡੇਰੇ ਅਬਦੁਲ ਸਮੱਧ ਖ਼ਾਨ ਨੇ ਪੰਜਾਬ ਦਾ ਗਵਰਨਰ ਬਣ ਕੇ ਬੰਦਾ ਸਿੰਘ ਵਿਰੁੱਧ ਕਾਰਵਾਈ ਕੀਤੀ ਤੇ ਅਖ਼ੀਰ ਉਸ ਨੂੰ ਗ੍ਰਿਫ਼ਤਾਰ ਕਰ ਕੇ ਦਿਲੀ ਸ਼ਹੀਦ ਹੋਣ ਲਈ ਭੇਜ ਦਿਤਾ।

1726 ਈਸਵੀ ਨੂੰ ਅਬਦੁਲ ਸਮੱਧ ਖ਼ਾਨ ਦੀ ਥਾਂ ਪੰਜਾਬ ਦਾ ਗਵਰਨਰ ਉਹਦਾ ਪੁੱਤਰ ਜ਼ਕਰੀਆ ਖ਼ਾਨ ਬਣਿਆ, ਜੋ ਖਾਨ ਬਹਾਦਰ ਕਰਕੇ ਇਤਿਹਾਸ ਵਿਚ ਆਉਂਦਾ ਹੈ। ਇਸ ਦੇ ਨਾਲ ਪੂਰੇ 19 ਸਾਲ ਸਿੰਘਾਂ ਦਾ ਟਾਕਰਾ ਹੁੰਦਾ ਰਿਹਾ। ਭਾਈ ਤਾਰਾ ਸਿੰਘ ਜੀ ਵਾਂ, ਭਾਈ ਮਨੀ ਸਿੰਘ ਜੀ, ਭਾਈ ਬੋਤਾ ਸਿੰਘ ਜੀ ਆਦਿ ਸ਼ਹੀਦਾਂ ਨੂੰ ਸ਼ਹੀਦ ਕੀਤਾ ਗਿਆ। 1745 ਵਿਚ ਇਹਦੀ ਮੌਤ ਹੋ ਜਾਣ ਤੇ ਜ਼ਕਰੀਆ ਖ਼ਾਨ ਦੀ ਥਾਂ ਉਸ ਦਾ ਪੁੱਤਰ ਯਈਆ ਖ਼ਾਨ ਲਾਹੌਰ ਦਾ ਹਾਕਮ ਬਣਿਆ ਤੇ ਉਸ ਨੇ ਆਪਣੇ ਪਿਓ ਦਾਦੇ ਨਾਲੋਂ ਵਧ ਅਤਿਆਚਾਰ ਸਿੱਖਾਂ ਤੇ ਕੀਤੇ ਤੇ ਸਿੱਖਾਂ ਨੂੰ ਖ਼ਤਮ ਕਰਨ ਲਈ ਸਿਰਾਂ ਦੇ ਮੁਲ ਰਖੇ ਤੇ ਮਾਰਨ ਵਾਲਿਆਂ ਨੂੰ ਇਨਾਮ ਦਿਤੇ। ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ, ਹਕੀਕਤ ਰਾਏ ਆਦਿ ਬਹੁਤ ਸਿਖ ਸ਼ਹੀਦ ਕੀਤੇ। ਸੈਂਕੜੇ ਨਹੀਂ, ਹਜ਼ਾਰਾਂ ਉਹ ਸਿੰਘ ਸ਼ਹੀਦ ਕੀਤੇ, ਜਿਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਨਹੀਂ ਆ ਸਕਿਆ। ਪਰ ਇਹ ਬਹੁਤੀ ਦੇਰ ਹਾਕਮ ਨਾ ਰਹਿ ਸਕਿਆ ਤੇ ਘਰੋਗੀ ਲੜਾਈ ਵਿਚ ਇਹਨੂੰ ਗਦੀ ਤੋਂ ਲਾਹ ਦਿਤਾ ਗਿਆ ਤੇ ਅਬਦੁਲ ਸਮੱਧ ਖ਼ਾਨ ਦਾ ਦੂਜਾ ਪੋਤਰਾ ਮੀਰ ਮਨੂੰ (ਮੀਰ ਮਈਉ-ਉਲ-ਮਲਕ) ਪੰਜਾਬ ਦਾ ਹਾਕਮ ਬਣਿਆ ਤਾਂ ਪਿਛਲੇ ਸਾਰੇ ਰੀਕਾਰਡ ਮਾਤ ਪੈ ਗਏ। ਇਸ ਨੇ ਪੰਜਾਬ ਦਾ ਗਵਰਨਰ ਬਣਦੇ ਸਾਰ ਹੀ ਸਿੱਖਾਂ ਵਿਰੁਧ ਮੁਹਿੰਮ ਸ਼ੁਰੂ ਕਰ ਦਿਤੀ।

ਸਭ ਤੋਂ ਪਹਿਲਾਂ ਇਹਨੇ ਰਾਮ ਰੌਣੀ ਦੇ ਕਿਲ੍ਹੇ ਤੇ ਹਮਲਾ ਕੀਤਾ ਤੇ ਉਹਦੇ ਤੇ ਕੱਬਜ਼ਾ ਕਰਕੇ ਉਸ ਨੂੰ ਢਾਹ-ਢੇਰੀ ਕਰ ਦਿਤਾ। ਜਿਨ੍ਹਾਂ ਜਿਨ੍ਹਾਂ ਇਲਾਕਿਆਂ ਵਿਚ ਸਿਖ ਰਹਿੰਦੇ ਸਨ, ਉਨ੍ਹਾਂ ਸਭ ਵਿਚ ਹੀ ਫੌਜੀ ਦਸਤੇ ਪੱਕੇ ਤੌਰ ਤੇ ਭੇਜੇ ਤੇ ਹੁਕਮ ਦਿਤਾ ਕਿ ਜਿਥੇ ਕੋਈ ਸਿਖ ਕਾਬੂ ਆਏ, ਉਨ੍ਹੂੰ ਫੜ ਕੇ ਉਹਦੇ ਸਿਰ ਦੇ ਵਾਲ ਤੇ ਦਾੜ੍ਹੀ ਨੂੰ ਕਟ ਦਿਤਾ ਜਾਏ। ਸਾਰੇ ਪਹਾੜੀ ਰਾਜਿਆਂ ਨੂੰ ਕਰੜੀ ਤਾੜਨਾ ਕੀਤੀ ਕਿ ਸਿਖ ਪਹਾੜ ਵਿਚ ਨਹੀਂ ਰਹਿਣੇ ਚਾਹੀਦੇ। ਜਿਹੜਾ ਸਿਖ ਵੀ ਕਿਧਰੇ ਦੇਖੋ, ਉਹਨੂੰ ਤੁਰਤ ਗ੍ਰਿਫ਼ਤਾਰ ਕਰ ਕੇ, ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਲਾਹੌਰ ਭੇਜਿਆ ਜਾਏ।

ਇਨ੍ਹਾਂ ਕਰੜਾਈਆਂ ਦੇ ਪ੍ਰਬੰਧ ਤੇ ਸਖ਼ਤੀਆਂ ਕਾਰਨ ਰੋਜ਼ਾਨਾ ਹੀ ਸੈਂਕੜੇ ਸਿਖਾਂ ਨੂੰ ਫੜ ਕੇ ਲਾਹੌਰ ਪਹੁੰਚਾਇਆ ਜਾਣ ਲਗ ਪਿਆ ਤੇ ਉਨ੍ਹਾਂ ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ, ਲਾਹੌਰ ਦਿਲੀ ਗੇਟ ਦੇ ਨੇੜੇ ਸ਼ਹੀਦ ਗੰਜ ਵਾਲੀ ਥਾਂ ਤੇ ਸ਼ਹੀਦ ਕਰ ਦਿਤਾ ਜਾਂਦਾ। ਇਹ ਇਕ ਦੋ ਦਿਨ ਜਾਂ ਇਕ ਦੋ ਮਹੀਨੇ ਨਹੀਂ, ਸਗੋਂ ਕਈ ਸਾਲ ਸਿਲਸਿਲਾ ਜਾਰੀ ਰਿਹਾ। ਇਹੋ ਪ੍ਰਤੀਤ ਹੁੰਦਾ ਸੀ ਜਿਵੇਂ ਮੀਰ ਮੰਨੂੰ ਸਿਖਾਂ ਦਾ ਨਾਮ ਨਿਸ਼ਾਨ ਮਿਟਾਣ 'ਤੇ ਤੁਲ ਗਿਆ ਸੀ ਤੇ ਕੈਦ ਵਿਚ ਸਵਾ ਸਵਾ ਮਣ ਦਾਣੇ ਪੀਹਣ ਲਈ ਦਿਤੇ ਜਾਂਦੇ, ਕੋਹਲੂ ਗਿੜਾਏ ਜਾਂਦੇ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਨ ਲਈ ਮਜਬੂਰ ਕੀਤਾ ਜਾਂਦਾ।

ਜਦੋਂ ਮੀਰ ਮੰਨੂੰ ਦੀਆਂ ਇਹ ਸਖ਼ਤੀਆਂ ਤੇ ਮੌਤ ਵੀ ਸਿੱਖਾਂ ਨੂੰ ਭੈ-ਭੀਤ ਨਾ ਕਰ ਸਕੀ ਤੇ ਉਨ੍ਹਾਂ ਦੇ ਸਰਕਾਰੀ ਫ਼ੌਜ ਉਤੇ ਹਮਲੇ ਉਸੇ ਤਰ੍ਹਾਂ ਜਾਰੀ ਰਹੇ



www.AKJ.Org

ਤਾਂ ਖਿਝ ਕੇ ਮੀਰ ਮੰਨੂੰ ਨੇ ਹੁਕਮ ਦਿਤਾ ਕਿ ਸਿਖਾਂ ਦੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਗ੍ਰਿਫਤਾਰ ਕੀਤਾ ਜਾਏ ਤੇ ਉਨ੍ਹਾਂ ਨੂੰ ਦੁਖ ਦਿਤੇ ਜਾਣ। ਇਸ ਨਾਲ ਸਿਖ ਆਪਣੇ ਗੁਪਤ ਟਿਕਾਣੇ ਛਡ ਕੇ ਬਾਹਰ ਆਉਣਗੇ ਤੇ ਉਨ੍ਹਾਂ ਨੂੰ ਖ਼ਤਮ ਕੀਤਾ ਜਾਏਗਾ।

ਦਿਲੀ ਦੇ ਹਾਕਮਾਂ ਦੀ ਪਰਵਾਨਗੀ ਪਿਛੋਂ ਮੀਰ ਮੰਨੂੰ ਨੇ ਐਲਾਨ ਕੀਤਾ ਕਿ ਸਿੱਖਾਂ ਦੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਾਉਣ ਵਾਲਿਆਂ ਨੂੰ ਜਗੀਰਾਂ ਦਿਤੀਆਂ ਜਾਣਗੀਆਂ। ਇਸ ਨਾਲ ਪਟਵਾਰੀ, ਜਗੀਰਦਾਰ, ਸ਼ਾਹੂਕਾਰ ਤੇ ਹੋਰ ਸਰਕਾਰ ਦੀ ਖ਼ੁਸ਼ੀ ਪ੍ਰਾਪਤ ਕਰਨ ਤੇ ਮਾਇਆ ਦੇ ਭੁੱਖਿਆਂ ਨੇ ਦਬਾ-ਦਬ ਸਿਖ-ਬੀਬੀਆਂ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਾਉਣਾ ਸ਼ੁਰੂ ਕਰ ਦਿਤਾ। ਇਸ ਨਾਲ ਸਾਰੇ ਪਾਸਿਆਂ ਤੇ ਕਤਲ ਗੜ੍ਹ ਬਣ ਗਏ ਤੇ ਥਾਂ ਥਾਂ ਸਿੰਘਣੀਆਂ ਨੂੰ ਸ਼ਹੀਦ ਕਰਨ ਦਾ ਕੰਮ ਸ਼ੁਰੂ ਹੋ ਗਿਆ।

ਲਾਹੌਰ ਵਿਚ ਮੁਖ ਕਤਲਗਾਹ ਸੀ, ਜਿਥੇ ਮੀਰ ਮੰਨੂੰ ਦੇ ਸਾਹਮਣੇ ਜ਼ਨਾਨੀਆਂ ਤੇ ਬੱਚਿਆਂ ਨੂੰ ਤਸੀਹੇ ਦਿਤੇ ਜਾਂਦੇ। ਪਹਿਲਾਂ ਸਭ ਨੂੰ ਸਿੱਖੀ ਤਿਆਗਣ ਤੇ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਜਾਂਦੀ ਰਹੀ ਤੇ ਜਦੋਂ ਉਹ ਇਨਕਾਰ ਕਰ ਦਿੰਦੀਆਂ ਤਾਂ ਉਨ੍ਹਾਂ ਨੂੰ ਕਸ਼ਟ ਦਿਤੇ ਜਾਂਦੇ। ਜਦੋਂ ਸਰੀਰਕ ਕਸ਼ਟਾਂ ਨਾਲ ਵੀ ਜ਼ਨਾਨੀਆਂ ਨਾ ਡੋਲਦੀਆਂ ਤਾਂ ਫਿਰ ਉਨ੍ਹਾਂ ਦੇ ਬੱਚਿਆਂ ਨੂੰ ਸਾਹਮਣੇ ਰਖ ਕੇ ਟੋਟੇ ਟੋਟੇ ਕਰ ਦਿਤੇ ਜਾਂਦੇ, ਜੀਉਂਦੇ ਅੱਗ ਵਿਚ ਸਾੜ ਦਿਤੇ ਜਾਂਦੇ ਤੇ ਮਾਵਾਂ ਦੀਆਂ ਝੋਲੀਆਂ ਵਿਚੋਂ ਹੱਥਾਂ ਨਾਲ ਫੜਨ ਦੀ ਥਾਂ ਨੇਜ਼ਾ ਮਾਰ ਕੇ ਪਰੋਏ ਜਾਂਦੇ ਤੇ ਅਖ਼ੀਰ ਉਨ੍ਹਾਂ ਦੇ ਦਿਲ ਕਢ ਕੇ ਮਾਵਾਂ ਦੇ ਮੂੰਹ ਵਿਚ ਦਿਤੇ ਜਾਂਦੇ ਰਹੇ।

ਇਉਂ ਅਣ-ਮਨੁਖੀ ਤੇ ਵਹਿਸ਼ੀਆਂ ਵਾਲਾ ਹਰ ਜ਼ੁਲਮ ਕੀਤਾ ਗਿਆ, ਪਰ ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਨਹੀਂ ਮਿਲਦੀਆਂ ਕਿ ਕਦੇ ਵੀ ਕਿਸੇ ਸਿੰਘਣੀ ਨੇ ਦਿਲ ਛਡਿਆ ਹੋਵੇ, ਬੱਚਿਆਂ ਦੀ ਮੌਤ ਤੋਂ ਘਬਰਾ ਕੇ ਸਿਖੀ ਤਿਆਗੀ ਹੋਵੇ ਜਾਂ ਜ਼ੁਲਮ ਦੇ ਟਾਕਰੇ ਤੇ ਹਾਰ ਮੰਨੀ ਹੋਵੇ। ਸਗੋਂ ਸਿੰਘ ਤੇ ਸਿੰਘਣੀਆਂ ਚੜ੍ਹਦੀ ਕਲਾ ਵਿਚ ਰਹਿ ਕੇ ਗਾਂਦੇ ਸਨ--

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।

ਫਿਰ ਸਿੰਘ ਇਕੱਠੇ ਹੋਏ ਤੇ ਉਹ ਲਾਹੌਰ ਤੇ ਬੜੇ ਜ਼ੋਰ ਨਾਲ ਹਮਲਾ ਕਰ ਕੇ ਬਹੁਤ ਸਾਰੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਛੁਡਾ ਕੇ ਲੈ ਗਏ। ਜਿਨ੍ਹਾਂ ਜਗੀਰਦਾਰਾਂ ਤੇ ਸ਼ਾਹੂਕਾਰਾਂ ਜਾਂ ਹੋਰ ਸਰਕਾਰੀ ਏਜੰਟਾਂ ਨੇ ਜ਼ਨਾਨੀਆਂ ਗ੍ਰਿਫਤਾਰ ਕਰਾਈਆਂ ਸਨ ਉਨ੍ਹਾਂ ਨੂੰ ਫੜ ਕੇ ਪਾਰ ਕੀਤਾ। ਨੂਰਦੀਨ ਦੀ ਸਰਾਏ ਨੂੰ ਸਾੜ ਦਿਤਾ ਗਿਆ। ਪਠਾਨਕੋਟ ਦੇ ਤੁਰਕਾਂ, ਮਜੀਠੇ ਦੇ ਇਕ ਜੱਟ ਤੇ ਜੰਡਿਆਲੇ ਦੇ ਮਹੰਤ ਅਕਾਲ ਦਾਸ ਨੂੰ ਕੀਤੇ ਦੀ ਸਜ਼ਾ ਦਿਤੀ। ਮੀਰ ਮੰਨੂੰ ਘਬਰਾ ਗਿਆ ਤੇ ਉਹਨੂੰ ਆਪਣੀ ਜਾਨ ਦਾ ਖ਼ਤਰਾ ਅਨੁਭਵ ਹੋਣ ਲਗ ਪਿਆ। **1756** ਈਸਵੀ ਨੂੰ ਉਹ ਆਪ ਘੋੜੇ ਤੋਂ ਡਿੱਗ ਕੇ ਬੁਰੀ ਤਰ੍ਹਾਂ ਘਸੀਟਦਾ ਘਸੀਟਦਾ ਮਰ ਗਿਆ, ਪਰ ਜਿਨ੍ਹਾਂ ਨੂੰ ਮਾਰਨ ਲਈ ਉਹਨੇ ਪੂਰਾ ਟਿਲ ਲਾਇਆ ਉਹ ਕੌੜੀ ਵੇਲ ਵਾਂਗ ਵਧਦੇ ਗਏ ਤੇ ਅਖ਼ੀਰ ਦੇਸ਼ ਦੇ ਮਾਲਕ ਬਣ ਗਏ।

---

# ਮਿੱਠਾ ਪੁਰ (ਜਲੰਧਰ) ਵਿਖੇ ਕੀਰਤਨ ਸਮਾਗਮ

ਗੁਰਸਿਖ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਦਾਸਾਂ ਦੇ ਗ੍ਰਹਿ ਵਿਖੇ ੭ ਅਕਤੂਬਰ ਨੂੰ ਅੰਮ੍ਰਿਤ ਵੇਲੈ ਅਖੰਡ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਰਖੇ ਜਾਣਗੇ, ਜਿਸ ਦੇ ਭੋਗ ੯ ਅਕਤੂਬਰ ੧੯੭੭ ਐਤਵਾਰ ਨੂੰ ਸਵੇਰੇ ਪੈਣਗੇ। ਉਪਰੰਤ ੧੨ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸਮੂੰਹ ਗੁਰੂ ਪਿਆਰੇ ਦਰਸ਼ਨ ਦੇ ਕੇ ਧੰਨਵਾਦੀ ਬਣਾਵੇ ਜੀ।

ਦਰਸ਼ਨ ਅਭਿਲਾਖੀ—ਦਲਜੀਤ ਸਿੰਘ (ਕਰਨਾਲ) ਤੇ ਹਰਸ਼ਰਨ ਕੌਰ, ਮਿੱਠਾਪੁਰ (ਜਲੰਧਰ)



www.AKJ.Org

# ਦਾਮਨ ਵਫ਼ਾ ਦਾ ਛੱਡ ਕੇ, ਕਾਹਨੂੰ ਖ਼ੁਆਰ ਹੋਵੇਂ ?

[ ਵਲੋਂ:—ਸ: ਉਜਾਗਰ ਸਿੰਘ ਜੀ, ਉਲਫ਼ਤ ]

ਦਾਮਨ ਵਫ਼ਾ ਦਾ ਛੱਡ ਕੇ ਕਾਹਨੂੰ ਖ਼ੁਆਰ ਹੋਵੇਂ ?
ਦਿਲ ਦਾ ਕਰਾਰ ਖੋ ਕੇ, ਕਿਉਂ ਬੇਕਰਾਰ ਹੋਵੇਂ ?
ਬਹੁਤੀ ਗੁਜ਼ਰ ਗਈ ਹੈ, ਸਜਦਾ-ਗੁਦਾਜ਼ ਹੋਇਆਂ,
ਥੋੜ੍ਹੀ ਲਈ ਮੁਨਕਰਾਂ ਵਿਚ, ਕਾਹਨੂੰ ਸ਼ੁਮਾਰ ਹੋਵੇਂ ?
ਬੰਦੇ ਦੀ ਗ਼ਰਜ਼-ਮੰਦੀ, ਵਿਸ਼ਿਆਂ ਦੀ ਕਲਪਣਾ ਹੈ,
ਇਸ ਕਲਪਣਾ ਦਾ ਐਵੇਂ, ਕਾਹਨੂੰ ਸ਼ਿਕਾਰ ਹੋਵੇਂ ?
ਤੇਰਾ ਮਸੀਹਾ ਤੈਨੂੰ, ਉਹ ਜਾਮ ਦੇ ਗਿਆ ਹੈ,
ਪੀਵੇਂ ਜੇ ਹਸ਼ਰ ਤੋੜੀ, ਕਾਹਨੂੰ ਬੀਮਾਰ ਹੋਵੇਂ ?
ਹੱਸ ਹੱਸ ਗੁਜ਼ਾਰ ਜੀਵਨ, ਕਿਉਂ ਗ਼ਮ-ਗੁਸਾਰ ਹੋਵੇਂ ?
ਦਾਮਨ ਵਫ਼ਾ ਦਾ ਛੱਡ ਕੇ, ਕਾਹਨੂੰ ਖ਼ੁਆਰ ਹੋਵੇਂ ?

ਉਹ ਲਾ-ਜ਼ਵਾਲ ਮਾਲਕ, ਸੋਮਾ ਏ ਸ਼ਕਤੀਆਂ ਦਾ,
ਉਸ ਦੀ ਸਨਾ ਦੇ ਕਲਮੇ, ਸਭ ਲੋਕ ਪੜ੍ਹ ਰਹੇ ਨੇ ।
ਉਸ ਦੀ ਵਿਸ਼ਾਲਤਾ ਦੇ ਹਨ ਬੇ-ਸ਼ੁਮਾਰ ਜਲਵੇ,
ਖ਼ਬਰੇ ਇਹ ਚੰਦ ਸੂਰਜ, ਕਦ ਤੋਂ ਹੀ ਚੜ੍ਹ ਰਹੇ ਨੇ ।
ਪਰਬਤ ਤੇ ਝੀਲਾਂ ਸਾਗਰ, ਮਨਜ਼ਰ ਇਹ ਕੁਦਰਤਾਂ ਦੇ,
ਉਸ ਦੀ ਰਜ਼ਾ ਚਿ ਲੱਖਾਂ, ਕੋਹਤੂਰ ਸੜ ਰਹੇ ਨੇ ।
ਉਸ ਦੇ ਵਸਾਏ ਲੱਖਾਂ, ਬ੍ਰਹਿਮੰਡ ਵਸ ਰਹੇ ਨੇ,
ਉਸ ਦੇ ਹੁਕਮ ਚਿ ਘਾੜੂ, ਘਾੜਤ ਸੈ ਘੜ ਰਹੇ ਨੇ ।
ਬੇ-ਸਿਦਕ ਮਨਤਕੀ ਹੋ, ਕਿਉਂ ਬੇਕਰਾਰ ਹੋਵੇਂ ?
ਦਾਮਨ ਵਫ਼ਾ ਦਾ ਛੱਡ ਕੇ, ਕਾਹਨੂੰ ਖ਼ੁਆਰ ਹੋਵੇਂ ?

ਇਹ ਸਾਇੰਸਦਾਨ ਅੱਜ ਦਾ, ਜੋ ਖੋਜਦਾ ਏ ਖੋਜਾਂ,
ਆਖ਼ਰ ਇਹ ਬੰਦਾ ਆਇਐ, ਉਸ ਦੇ ਹੀ ਨੂਰ ਵਿੱਚੋਂ।
ਰੱਬੀ ਉਦ੍ਹੇ ਦਫ਼ੀਨੇ, ਹਰ ਥਾਂ ਲੁਕੇ ਪਏ ਨੇ,
ਇਹ ਲਭ ਰਿਹਾ ਏ ਸ਼ਕਤੀ, ਉਸ ਦੇ ਸ਼ਊਰ ਵਿੱਚੋਂ ।
ਇਸ ਦੀ ਇਹ ਖੋਜ ਉਦ੍ਹੀਆਂ ਦਾਤਾਂ ਦਾ ਹੈ ਆਈਨਾ,
ਇਹ ਲੈ ਰਿਹਾ ਏ ਮਸਤੀ, ਉਸ ਦੇ ਸਰੂਰ ਵਿੱਚੋਂ ।
ਮਿੱਟੀ ਤੇ ਪੌਣ ਪਾਣੀ, ਆਤਸ਼ ਅਕਾਸ਼ ਪੰਜੇ,
ਆਈਆਂ ਇਹ ਰਹਿਮਤਾਂ ਨੇ, ਉਸ ਦੇ ਹਜ਼ੂਰ ਵਿੱਚੋਂ ।
ਇਨ੍ਹਾਂ ਵਿਚੋਂ ਹੀ ਸਾਰੀ, ਜਲਵਾ-ਗਰੀ ਹੈ ਹੋ ਰਹੀ,
ਫਲ ਨਿਕਲਦੇ ਪਏ ਨੇ, ਆਸਾਂ ਦੇ ਬੂਰ ਵਿੱਚੋਂ ।

ਪੈ ਕੇ ਭੁਲੇਖਿਆਂ ਵਿਚ, ਕਿਉਂ ਜ਼ੇਰ-ਬਾਰ ਹੋਵੇਂ ?
ਦਾਮਨ ਵਫ਼ਾ ਦਾ ਛਡ ਕੇ, ਕਾਹਨੂੰ ਖ਼ੁਆਰ ਹੋਵੇਂ ?

ਕਈ ਆਖਦੇ ਨੇ ਮੁਨਕਰ, ਨਹੀਂ ਜਾਪਦਾ ਕਿਤੇ ਵੀ,
ਨਾ ਰੰਗ ਰੂਪ ਉਸ ਦਾ, ਨਾ ਨਾਂ-ਨਿਸ਼ਾਨ ਉਸ ਦਾ ।
ਜ਼ਾਹਿਰ ਕਿਤੇ ਨਾ ਦਿੱਸੇ, ਉਹਦਾ ਕੋਈ ਟਿਕਾਣਾ,
ਪੈਂਦਾ ਨਜ਼ਰ ਨ ਕਿਧਰੇ, ਕੌਨੋ-ਮਕਾਨ ਉਸ ਦਾ ।
ਨਾਨਕ ਜਿਹੇ ਫ਼ਕੀਰਾਂ, ਰੱਬੀ ਕਲਾਮ ਅੰਦਰ,
ਕੀਤਾ ਨਾ ਐਵੇਂ ਮੁੜ-ਮੁੜ, ਕਿੱਸਾ ਬਿਆਨ ਉਸਦਾ ।
ਅੰਤਸ਼ਕਰਣ ਦੇ ਨੈਣੀਂ, ਉਹ ਆਪ ਵੇਖ ਰਹੇ ਹਨ,
ਜਿਨ੍ਹਾਂ ਨੂੰ ਹੋ ਗਿਆ ਏ, ਆਤਮ-ਗਿਆਨ ਉਸ ਦਾ ।
ਸੋਚੀਂ ਪਿਆਂ ਕਦੇ ਨਾ, ਹਿਰਦੇ ਨੂੰ ਠੰਢ ਪੈਂਦੀ;
ਬਸ ਸ਼ਾਂਤ ਬਖ਼ਸ਼ਦਾ ਏ, 'ਉਲਫ਼ਤ' ਧਿਆਨ ਉਸਦਾ ।
ਉਸ ਤੋਂ ਛੁਡਾ ਮੁਹਾਰਾਂ, ਕਿਉਂ ਬੇਮੁਹਾਰ ਹੋਵੇਂ ?
ਦਾਮਨ ਵਫ਼ਾ ਦਾ ਛਡ ਕੇ, ਕਾਹਨੂੰ ਖ਼ੁਆਰ ਹੋਵੇਂ ?

ਦਿਲ ਤੇ ਦਿਮਾਗ ਮੇਰਾ, ਹੈਰਾਨ ਹੋ ਰਿਹਾ ਹੈ,
ਭੰਡਾਰ ਕੁਦਰਤਾਂ ਦਾ, ਸੰਸਾਰ ਵੇਖ ਕੇ ਤੇ ।
ਦਿਨ ਦੀ ਸਮਾਪਤੀ 'ਚੋਂ ਹੁੰਦੀ ਹੈ ਰਾਤ ਪੈਦਾ,
ਚੰਨ ਤਾਰਿਆਂ ਦੀ ਸਿਰ ਤੇ, ਭਰਮਾਰ ਵੇਖ ਕੇ ਤੇ ।
ਅਰਬਾਂ ਕੋਹਾਂ ਦੀ ਮੰਜ਼ਲ, ਅਕਾਸ਼ ਦੇ ਨਜ਼ਾਰੇ,
ਧਰਤੀ ਦੀ ਐਨੀ ਤਿੱਖੀ, ਰਫ਼ਤਾਰ ਵੇਖ ਕੇ ਤੇ ।
ਸੂਰਜ ਤੇ ਚੰਦ ਰਿਸ਼ਮਾਂ, ਜੋ ਸਿੱਟਦੇ ਚੁਫੇਰੇ,
ਮਹਿਕੀ ਜ਼ਿਮੀਂ ਤੇ ਥਾਂ ਥਾਂ, ਗੁਲਜ਼ਾਰ ਵੇਖ ਕੇ ਤੇ ।
ਇਹ ਉਚੇ ਉਚੇ ਪਰਬਤ, ਮੀਨਾਰ ਪਰਬਤਾਂ ਦੇ,
ਵਗਦੀ ਪਤਾਲ ਹੇਠਾਂ, ਜਲ-ਧਾਰ ਵੇਖ ਕੇ ਤੇ ।
ਤਕ ਤਕ ਕੇ ਕੁਦਰਤਾਂ ਇਹ, ਦਿਲ ਸੋਚਦਾ ਹੈ ਮੇਰਾ,
ਆਖ਼ਰ ਕੁਈ ਤਾਂ ਹੈ ਇਹ, ਰਚਨਾ ਰਚਾਣ ਵਾਲਾ ।
ਕਰਤੇ ਬਗ਼ੈਰ ਬਣਦਾ, ਕਾਰਨ ਕਦੇ ਨਾ ਕੋਈ,
ਇਕੋ ਹੀ ਵਾਹਿਗੁਰੂ ਹੈ, ਦੁਨੀਆ ਵਸਾਣ ਵਾਲਾ ।
ਛੱਡ ਕੇ ਧਿਆਨ ਉਸ ਦਾ, ਕਿਉਂ ਬੇ-ਵਕਾਰ ਹੋਵੇਂ ?
ਦਾਮਨ ਵਫ਼ਾ ਦਾ ਛਡ ਕੇ, ਕਾਹਨੂੰ ਖ਼ੁਆਰ ਹੋਵੇਂ ?



www.AKJ.Org

ਤੂੰ ਸਿਮਰ ਨਾਮ ਉਸ ਦਾ, ਕਿੱਧਰ ਨੂੰ ਤੁਰ ਪਿਆ ਹੈਂ,
ਨਾਨਕ ਗੁਰੂ ਦਾ ਹੋ ਕੇ, ਪਿਆ ਡੋਲਦਾ ਹੈਂ ਕਾਹਨੂੰ ?
ਲਗ ਮੁਨਕਰਾਂ ਦੇ ਆਖੇ, ਸ਼ਰਧਾ ਮਨੋਂ ਭੁਲਾ ਕੇ,
'ਉਲਫ਼ਤ' ਕੁਫ਼ਰ ਦੇ ਕਲਮੇ, ਤੂੰ ਬੋਲਦਾ ਹੈਂ ਕਾਹਨੂੰ?
ਜਿਥੋਂ ਹੈ ਜੋਤੀ ਮਿਲਦੀ, ਇਕ ਘੁੱਟ ਪੀਤਿਆਂ ਹੀ,
ਵਿਚ ਨਾਮ ਦੇ ਸਰੋਵਰ, ਵਿਸ਼ ਘੋਲਦਾ ਏਂ ਕਾਹਨੂੰ ?
ਰੱਬੀ ਇਹ ਗੁੰਝਲਾਂ ਤੇ ਵਿਗਿਆਨ ਦੇ ਵਲਾਵੇਂ,
ਇਹ ਭੇਦ ਕੁਦਰਤਾਂ ਦੇ, ਤੂੰ ਖੋਲ੍ਹਦਾ ਏਂ ਕਾਹਨੂੰ ?
ਬੈਠਾ ਰਹੁ ਮਗਨ ਹੋ ਕੇ, ਰਾਜ਼ੀ ਰਜ਼ਾ ਦੇ ਅੰਦਰ,
ਉੱਡਣ ਲਈ ਚੁਫੇਰੇ, ਪੱਰ ਤੋਲਦਾ ਏਂ ਕਾਹਨੂੰ ?
ਸਦ ਰਹਿਮਤਾਂ ਨੇ ਲੁਕੀਆਂ, ਉਸਦੀ ਰਜ਼ਾਂ ਦੇ ਅੰਦਰ,
ਭਰਿਆ ਸਿਦਕ ਦਾ ਕਾਸਾ, ਤੂੰ ਡੋਲ੍ਹਦਾ ਏਂ ਕਾਹਨੂੰ ?
ਅੰਮ੍ਰਿਤ ਦੇ ਜਾਮ ਛਡ ਕੇ, ਕਿਉਂ ਬਾਦਾ-ਖ਼ਾਰ ਹੋਵੇਂ ?
ਦਾਮਨ ਵਫ਼ਾ ਦਾ ਛਡ ਕੇ, ਕਾਹਨੂੰ ਖ਼ੁਆਰ ਹੋਵੇਂ ?

ਆਏ ਯੁਗਾਂ ਨੂੰ ਪਲਟੇ, ਕਈ ਇਨਕਲਾਬ ਆਏ,
ਕੁਦਰਤ ਉਦ੍ਹੀ ਨੂੰ ਅੱਜ ਤਕ, ਅਜ਼ਮੱਾਕੁਈ ਨਾ ਸਕਿਆ।
ਕਈ ਸਾਇੰਸਦਾਨ ਖੋਜੀ, ਨਵਿਆਂ ਯੁਗਾਂ ਦੇ ਚਾਤਰ,
ਉਸ ਵਾਂਗਰਾਂ ਕ੍ਰਿਸ਼ਮੇ, ਵਿਖੱਾ ਕੋਈ ਨਹੀਂ ਸਕਿਆ ।
ਆਦੋਂ ਜੁਗਾਦਿ ਤੀਕਰ, ਜਗਦੀ ਜੋ ਆ ਰਹੀ ਏ,
ਜਗਦੀ ਸ਼ਮ੍ਹਾ ਸਦੀਵੀ, ਬੁਝੱਾ ਕੁਈ ਨਾ ਸਕਿਆ ।
ਕੇਤੇ ਅਸੰਖ ਉਸ ਨੂੰ, ਗਾ ਗਾ ਕੇ ਤੁਰ ਗਏ ਨੇ,
ਸਿਫ਼ਤੋ-ਸਨੱਾਅ ਉਦ੍ਹੀ ਪਰ, ਕੋਈ ਵੀ ਗਾ ਨਾ ਸਕਿਆ।
ਬੇਅੰਤ ਉਸਦੀ ਲੀਲ੍ਹਾ ਏ ਤੇ ਰਾਜ਼ ਕੁਦਰਤਾਂ ਦੇ,
ਬੇਅੰਤ ਅੰਤ ਉਸ ਦਾ, ਜਪ ਪਾ ਕੁਈ ਨਾ ਸਕਿਆ ।
ਤੂੰ ਸਿਮਰ ਸਿਮਰ 'ਉਲਫ਼ਤ' ਸਿਮਰੀ ਜਾ ਨਾਮ ਉਸਦਾ,
ਸੁੱਖਾਂ ਦਾ ਇਕ ਭੰਡਾਰਾ, ਸਤਿਨਾਮ ਵਾਹਿਗੁਰੂ ਹੈ ।
ਸਦ ਰਹਿਮਤਾਂ ਦਾ ਸਾਈਂ, ਸਭ ਬਖ਼ਸ਼ਸ਼ਾਂ ਦਾ ਦਾਤਾ,
ਸੋਹਣਾ ਤੇ ਮਿੱਠਾ ਪਿਆਰਾ, ਸਤਿਨਾਮ ਵਾਹਿਗੁਰੂ ਹੈ ।

---

# ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਮਹਿਤਾ ਵਾਲੇ ਚਲ ਬਸੇ

ਸਿਖ ਸੰਸਾਰ ਵਿਚ ਇਹ ਖ਼ਬਰ ਦੁਖ ਨਾਲ ਸੁਣੀ ਗਈ ਹੈ ਕਿ ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕਾਰ ਦੇ ਐਕਸੀਡੈਂਟ ਨਾਲ ਮਿਸ਼ਨ ਹਸਪਤਾਲ ਲੁਧਿਆਣਾ ਵਿਖੇ ੧੬ ਅਗਸਤ ਨੂੰ ਅਕਾਲ ਚਲਾਣਾ ਕਰ ਗਏ ਹਨ ।

ਆਪ ਅਜੇ ਭਰ ਜੁਆਨੀ ਵਿਚ ਹੀ ਸਨ, ਪਰ ਆਪ ਨੇ ਆਪਣੇ ਜਥੇ ਸਮੇਤ ਚਲਦੇ ਵਹੀਰ ਦੀ ਸ਼ਕਲ ਵਿਚ ਭਾਰਤ ਦੇ ਕੋਨੇ ਕੋਨੇ ਵਿਚ ਪੁਜ ਕੇ ਸਿਖੀ ਪਰਚਾਰ ਕੀਤਾ ਅਤੇ ਕਥਾ ਕੀਰਤਨ ਤੇ ਅੰਮ੍ਰਿਤ-ਸਿੰਚਾਰ ਰਾਹੀਂ ਅਨੇਕਾਂ ਜੀਵਾਂ ਨੂੰ ਗੁਰਮਤਿ ਮਾਰਗ ਤੇ ਪਾਇਆ । ਗੁਰਦਾਸਪੁਰ ਦੇ ਜ਼ਿਲੇ ਤੇ ਆਲੇ-ਦੁਆਲੇ ਦੇ ਇਲਾਕੇ ਵਿਚ ਬੜੇ ਬੜੇ ਲੰਮੇ ਦਰਸ਼ਨੀ ਜਲੂਸਾਂ ਦੀ ਪਰਦਰਸ਼ਨੀ ਦੁਆਰਾ ਜਾਗ੍ਰਤੀ ਪੈਦਾ ਕੀਤੀ ਅਤੇ ਨਕਲੀ ਨਿਰੰਕਾਰੀ ਤੇ ਡੰਭੀ ਗੁਰੂਆਂ ਨੂੰ ਭਾਜੜਾਂ ਪਾਈਆਂ ।

ਆਪ ਜੀ ਦੇ ਅਕਾਲ ਚਲਾਣੇ ਨਾਲ ਕੌਮ ਨੂੰ ਭਾਰੀ ਘਾਟਾ ਪਿਆ ਹੈ। ੨੫ ਅਗਸਤ ਨੂੰ ਮਹਿਤਾ ਵਿਖੇ ਉਨ੍ਹਾਂ ਦੇ ਅੰਤਮ ਭੋਗ ਸਮੇਂ ਸੰਗਤਾਂ ਦਾ ਭਾਰੀ ਇਕੱਠ ਹੋਇਆ, ਬੇਅੰਤ ਲੋਕਾਂ ਨੇ ਆਪੋ ਆਪਣੀਆਂ ਸ਼ਰਧਾਂਲੀਆਂ ਪੇਸ਼ ਕੀਤੀਆਂ ਅਤੇ ਉਨ੍ਹਾਂ ਦੀ ਥਾਂ ਤੇ ਭਾਈ ਸਾਹਿਬ ਜਰਨੈਲ ਸਿੰਘ ਨੂੰ ਜੱਥੇਦਾਰ ਥਾਪਿਆ ਗਿਆ ।

ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਿਛੇ ਉਨ੍ਹਾਂ ਦੇ ਸੰਗੀ ਸਾਥੀ ਜੱਥੇ ਦੇ ਸਮੂਹ ਪ੍ਰੇਮੀਆਂ ਨੂੰ ਇਕ-ਮੁੱਠ ਹੋ ਕੇ ਪ੍ਰੇਮ-ਭਾਵਨਾ ਵਿਚ ਰਹਿ ਕੇ ਗੁਰਮਤਿ ਦੀਆਂ ਲੀਹਾਂ ਤੇ ਤੁਰਨ ਦੀ ਸਮਰਥਾ ਬਖ਼ਸ਼ਣ ।

---



www.AKJ.Org

# ਗੁਰਬਾਣੀ ਦੀ ਗੰਦੀ ਚਿਤਰਕਾਰੀ ਦੁਆਰਾ ਵਰਤੋਂ

ਦਿਲੀ ਤੋਂ ਨਿਕਲਣ ਵਾਲੇ ਪੱਤਰ "ਪੰਜਾਬੀ ਡਾਈਜੈਸਟ" ਜੂਨ ੧੯੭੭ ਅੰਕ ਵਿਚ ਗੁਰਬਾਣੀ ਦੀਆਂ ਕੁਝ ਤੁਕਾਂ ਦੀ ਬੜੀ ਬੇ-ਹਯਾਈ ਅਤੇ ਸ਼ਰਮ-ਨਾਕ ਚਿਤਰਾਂ ਦੁਆਰਾ, ਸ਼ੈਤਾਨੀਅਤ ਭਰੀ ਵਿਆ-ਖਿਆ ਕੀਤੀ ਗਈ ਹੈ। ਉਹ ਤੁਕਾਂ ਇਹ ਹਨ—

ਉਤੰਗੀ ਪੈਓਹਰੀ ਗਹਿਰੀ ਗੰਭੀਰੀ !
ਸਸੁੜਿ ਸੁਹੀਆ ਕਿਵ ਕਰੀ ?
ਨਿਵਣੁ ਨ ਜਾਇ ਥਣੀ !
ਗਚੁ ਜਿ ਲਗਾ ਗਿੜਵੜੀ,
ਸਖੀਏ ਧਉਲ ਹਰੀ—
ਸੇ ਭੀ ਦਹਦੇ ਡਿਠੁ ਮੈ,
ਮੁੰਧ, ਨ ਗਰਬੁ ਥਣੀ !

[ਸਲੋਕ ਮ: ੧ ਵਾਰਾਂ ਤੇ ਵਧੀਕ

ਸਾਡੇ ਪਾਸ ਇਸ ਅੰਕ ਦਾ ਪੰਨਾ ਨੰਬਰ ੧੫—੧੬ ਪੁਜਾ ਹੈ, ਜਿਸ ਦੇ ਪੰਨਾ ੧੫ ਉਪਰ ਮੋਟੇ ਅੱਖਰਾਂ ਵਿਚ ਲਿਖਿਆ ਹੈ : **"ਉਤੰਗੀ ਪੈਓਹਰੀ"** ਅਤੇ ਇਸ ਹੈਡਿੰਗ ਹੇਠਾਂ ਇਕ ਨਗਨ ਯੁਵਤੀ ਪਈ ਹੋਈ ਵਿਖਾਈ ਗਈ ਹੈ, ਜਿਸ ਦੀ ਛਾਤੀ ਦੇ ਉਭਰੇ ਅੰਗਾਂ ਦੀ ਪਰਦਰਸ਼ਨੀ ਕੀਤੀ ਹੈ ਅਤੇ ਨਾਲ ਹੀ ਇਸਤ੍ਰੀ-ਛਾਤੀਆਂ ਦੇ ਕਈ ਚਿਤਰ ਦਿਤੇ ਹਨ, ਜਿਨ੍ਹਾਂ ਦੀ ਵਿਆਖਿਆ ਇਤਨੇ ਗੰਦੇ ਲਫ਼ਜ਼ਾਂ ਵਿਚ ਕੀਤੀ ਹੋਈ ਹੈ, ਜਿਹੜੇ ਕਿ ਲਿਖੇ ਨਹੀਂ ਜਾ ਸਕਦੇ ਅਤੇ ਪੜ੍ਹ ਕੇ ਅੱਖਾਂ ਸ਼ਰਮ ਨਾਲ ਨੀਵੀਆਂ ਹੋ ਜਾਂਦੀਆਂ ਹਨ।

ਗੁਰਬਾਣੀ ਨੂੰ ਇਸ ਵਿਕਾਰੀ ਅਤੇ ਕਾਮ-ਚੇਸ਼ਟਾ ਨੂੰ ਉਤੇਜਨਾ ਦੇਣ ਲਈ ਵਰਤਣਾ ਇਸ ਪਰਚੇ ਦੇ ਸੰਪਾਦਕ ਦੀ ਮਹਾਨ ਨੀਚਤਾ ਅਤੇ ਨ-ਮੁਆਫ਼-ਕੀਤੇ-ਜਾਣ-ਵਾਲਾ-ਅਪਰਾਧ ਹੈ।

ਸਾਡੀ ਕੌਮ ਦੀਆਂ ਜ਼ਿਮੇਵਾਰ ਸੰਸਥਾਵਾਂ, ਸਾਡੇ ਪਰਚਾਰਕਾਂ ਅਤੇ ਕਹਿੰਦੇ ਕਹਾਂਦੇ ਭਾਸ਼ਯਕਾਰਾਂ ਤੋਂ ਵਿਆਖਿਆਕਾਰਾਂ ਨੇ ਇਸ ਪਾਸੇ ਵਲੋਂ ਅੱਖਾਂ ਮੀਟੀਆਂ ਹੋਈਆਂ ਹਨ ਅਤੇ ਗੂੜ੍ਹੀ ਨੀਂਦਰ ਸੁੱਤੇ ਪਏ ਹਨ। ਗੁਰਬਾਣੀ ਦੀ ਇਤਨੀ ਘੋਰ ਨਿਰਾਦਰੀ ਅਤੇ ਅਨਰਥ ਹੋ ਰਿਹਾ ਹੋਵੇ, ਪਰ ਉਨ੍ਹਾਂ ਦੇ ਕੰਨਾਂ ਤੇ ਜੂੰ ਤਕ ਨਾ ਸਰਕੇ। ਇਹ ਕੌਮ ਦੀ ਅਧੋਗਤੀ ਦੀ ਨਿਸ਼ਾਨੀ ਹੈ। ਜੇ ਇਹ ਖੁਲ੍ਹ ਇਸੇ ਤਰ੍ਹਾਂ ਕਾਇਮ ਰਹੀ ਅਤੇ ਅਪਰਾਧੀਆਂ ਨੂੰ ਡੰਡ ਨਾ ਦਿਤਾ ਗਿਆ ਤਾਂ ਗੁਰਬਾਣੀ ਦੀ ਵਿਆਖਿਆ ਇਸੇ ਤਰ੍ਹਾਂ ਨੰਗੇ ਚਿਤਰਾਂ ਦੁਆਰਾ ਹੋਰ ਹੋਰ ਰੂਪਾਂ ਵਿਚ ਉਲੀਕੀ ਜਾਣੀ ਅਰੰਭ ਹੋ ਜਾਏਗੀ ਅਤੇ ਕਾਮ-ਉਤੇਜਨਾ ਦੇਣ ਦਾ ਕੰਮ ਗੁਰਬਾਣੀ ਤੋਂ ਲਿਆ ਜਾਇਆ ਕਰੇਗਾ।

ਅੰਤ ਵਿਚ ਅਸੀਂ ਬੜੀ ਨਿਮਰਤਾ ਸਹਿਤ ਸ਼ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅਤੇ ਪੰਥਕ ਸਭਾ ਸੁਸਾਇਟੀਆਂ ਤੇ ਸਮੂਚੇ ਪੰਥ ਦੇ ਦਰਦੀ ਸਜਣਾਂ ਨੂੰ ਬੇਨਤੀ ਕਰਦੇ ਹਾਂ ਕਿ ਗੁਰਬਾਣੀ ਦੀ ਨਿੰਦਨੀਯ ਤੇ ਅਯੋਗ ਚਿਤਰਕਾਰੀ ਕੀਤੇ ਜਾਣ ਤੇ ਫ਼ੌਰੀ ਐਕਸ਼ਨ ਲਿਆ ਜਾਵੇ ਅਤੇ ਥਾਂ ਥਾਂ ਤੋਂ ਗੁਰਮਤੇ ਸੋਧ ਕੇ ਅਤੇ ਹਰੇਕ ਸਿਖ ਵਲੋਂ ਸਰਕਾਰ ਨੂੰ ਅਤੇ ਸ਼ਰੋਮਣੀ ਕਮੇਟੀ ਨੂੰ ਹਲੂਣਿਆ ਜਾਵੇ ਅਤੇ ਮੰਗ ਕੀਤੀ ਜਾਵੇ ਕਿ ਇਸ ਚਿਤਰ ਨੂੰ ਪੇਸ਼ ਕਰਨ ਵਾਲੇ ਦੋਸ਼ੀਆਂ ਨੂੰ ਐਸੀ ਸਖ਼ਤ ਤੋਂ ਸਖ਼ਤ ਸਜ਼ਾ ਦਿਤੀ ਜਾਵੇ ਕਿ ਮੁੜ ਕੇ ਕਿਸੇ ਨੂੰ ਅਜਿਹਾ ਕਰਨ ਦਾ ਹੀਆ ਨਾ ਪਵੇ।

# ਜੰਡਿਆਲਾ ਜ਼ਿਲਾ ਜਲੰਧਰ ਵਿਖੇ ਰੈਣ-ਸਬਾਈ ਕੀਰਤਨ

ਭਾਈ ਗੁਰਦੀਪ ਸਿੰਘ ਜੀ ਗਾਂਧੀ ਚੌਂਕ ਫਗਵਾੜਾ ਇਤਲਾਹ ਦਿੰਦੇ ਹਨ ਕਿ ਜੰਡਿਆਲਾ ਧੁੰਨੀ ਕੀ ਪਤੀ ਵਿਖੇ ੨੪ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ। ਲੁਧਿਆਣੇ ਤੋਂ ਆਖਰੀ ਬਸ ਸਾਢੇ ਪੰਜ ਸ਼ਾਮ ਅਤੇ ਫਗਵਾੜਾ, ਗੁਰਾਇਆ ਤੇ ਨਕੋਦਰ ਤੋਂ ਸਾਢੇ ਛੇ ਸ਼ਾਮ ਚਲਦੀਆਂ ਹਨ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ, ਫਗਵਾੜਾ



www.AKJ.Org

# ਕੌਮ ਦੇ ਮੁਹਾਣਿਓ ! ਜਾਗੋ !!

ਇਸ ਵੇਲੇ ਥਾਂ ਥਾਂ ਤੋਂ ਸ਼ਿਕਾਇਤਾਂ ਪੁਜ ਰਹੀਆਂ ਹਨ ਕਿ ਸਿਖ ਕੌਮ ਦੇ ਧਰਮ ਕਰਮ ਨੂੰ ਗੰਧਲਾ ਕਰਨ ਲਈ, ਸਿਖ ਆਚਰਨ ਨੂੰ ਨੀਚਾ ਦਿਖਾਣ ਲਈ ਅਤੇ ਗੁਰਬਾਣੀ ਦੀ ਨਿਰਾਦਰੀ ਕਰਨ ਲਈ ਅਜਿਹਾ ਸਾਹਿੱਤ ਛਪ ਰਿਹਾ ਹੈ, ਜੋ ਇਕ ਪ੍ਰੀਤਵਾਨ ਸਿਖ ਦੀ ਅਣਖ ਨੂੰ ਚੈਲੰਜ ਹੈ।

ਅਕਾਲੀ ਪੱਤ੍ਰਕਾ ਨੇ ੬ ਅਗਸਤ ੧੯੭੭ ਦੇ ਪਰਚੇ ਵਿਚ ਦੱਸਿਆ ਹੈ ਕਿ ਅੰਮ੍ਰਿਤਾ ਪ੍ਰੀਤਮ ਲਿਖਤ ਪੁਸਤਕ 'ਰਸੀਦੀ ਟਿਕਟ' ਵਿਚ ਸਿਖਾਂ ਦੀਆਂ ਪਵਿੱਤਰ ਵਸਤੂਆਂ ਕੜਾਹ ਪ੍ਰਸ਼ਾਦ ਅਤੇ ਕਿਰਪਾਨ ਦੀ ਮਹੱਤਤਾ ਨੂੰ ਛੁਟਿਆਉਣ ਲਈ ਬੜੇ ਬੇਹੂਦਾ ਅਤੇ ਅਯੋਗ ਸ਼ਬਦਾਂ ਦੀ ਇਉਂ ਵਰਤੋਂ ਕੀਤੀ ਹੈ ਕਿ—

"ਮੈਂ ਬਹੁਤ ਸਿਗਰਟ ਪੀਂਦੀ ਹਾਂ ਅਤੇ ਕਦੇ ਕਿਸੇ ਦਿਨ ਮੈਨੂੰ ਵਿਸਕੀ ਵੀ ਚੰਗੀ ਲਗਦੀ ਹੈ। ਇਸ ਨੂੰ ਆਦਤ ਵਾਂਗ ਰੋਜ਼ ਨਹੀਂ ਪੀ ਸਕਦੀ, ਪਰ ਕਿਸੇ ਦਿਨ ਅਚਾਨਕ ਇਸ ਦੀ ਤਿਖੀ ਤਲਬ ਹੁੰਦੀ ਹੈ। ਜਾਣਦੀ ਹਾਂ ਕਿ ਇਹ ਦੋਨੋਂ ਚੀਜ਼ਾਂ ਕਿਸੇ ਔਰਤ ਨਾਲ ਜੁੜ ਕੇ ਜਦੋਂ ਇਕ ਚਰਚਾ ਬਣ ਜਾਂਦੀਆਂ ਹਨ ਤਾਂ ਇਸ ਚਰਚਾ ਦੀ ਬਦੌਲਤ ਔਰਤ ਦੀ ਸ਼ਖ਼ਸੀਅਤ ਨਾਲ 'ਗੰਭੀ-ਰਤਾ' ਸ਼ਬਦ ਨਹੀਂ ਜੁੜਦਾ। ਇਸ ਸਿਲਸਿਲੇ 'ਚ ਇਕ ਅਜੀਬ ਜਿਹੀ ਤੁਲਨਾ ਮੇਰੇ ਸਾਹਮਣੇ ਆਈ ਹੈ। ਆਖ਼ਰ ਮੈਂ ਸਿਖ ਘਰਾਣੇ ਵਿਚ ਜੰਮੀ ਹਾਂ। ਸੋ ਤੁਲਨਾ ਲਈ ਉਸ ਧਰਮ ਦੇ ਕਿਸੇ ਪ੍ਰਤੀਕ ਦਾ ਸਾਹਮਣੇ ਆ ਜਾਣਾ ਕੁਦਰਤੀ ਹੀ ਹੈ। ਜਦੋਂ ਹਲਵਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰਖਿਆ ਜਾਂਦਾ ਹੈ ਤਾਂ ਇਸ ਮੌਕੇ ਤੇ ਉਸ ਵਿਚ ਤਲਵਾਰ ਫਿਰਾਈ ਜਾਂਦੀ ਹੈ ਅਤੇ ਉਦੋਂ ਉਹ ਸਧਾਰਣ ਹਲਵੇ ਦੀ ਬਜਾਏ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ। ਉਸੇ ਪ੍ਰਕਾਰ ਮੇਰੇ ਹੱਥ ਵਿਚ ਫੜੀ ਹੋਈ ਸਧਾਰਨ ਸਿਗਰਟ ਜਾਂ ਵਿਸਕੀ ਦਾ ਗਿਲਾਸ ਜਦੋਂ ਮੇਰੇ ਦਿਮਾਗ਼ ਦੇ ਵਿਚਾਰਾਂ ਨੂੰ ਛੂਹ ਲੈਂਦਾ ਹੈ ਤਾਂ ਉਹ ਕੁਝ ਹੋਰ ਹੀ ਬਣ ਜਾਂਦਾ ਹੈ। ਅਹਿਸਾਸਾਂ ਦੀ ਤੀਬਰਤਾ ਅਤੇ ਵਿਸ਼ਾਲਤਾ ਉਸ ਵਿਚ ਤਲਵਾਰ ਵਾਂਗਰ ਗੁਜ਼ਰ ਜਾਂਦੀ ਹੈ ਅਤੇ ਉਸ ਸਧਾਰਣ ਹਲਵੇ ਦੀ ਬਜਾਏ 'ਕੜਾਹ ਪ੍ਰਸ਼ਾਦ' ਬਣਾ ਜਾਂਦੀ ਹੈ।"

ਇਸ ਪੁਸਤਕ ਦੇ ਸੰਬੰਧ ਵਿਚ ਸ: ਬੀਰਿੰਦਰ ਸਿੰਘ ਜੀ ਕਨਵੀਨਰ ਐਜੂਕੇਸ਼ਨ ਸਬ-ਕਮੇਟੀ ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਗ ਕੀਤੀ ਹੈ ਕਿ ਇਸ ਪੁਸਤਕ ਨੂੰ ਫ਼ੌਰਨ ਜ਼ਬਤ ਕੀਤਾ ਜਾਵੇ। ਅਤੇ ਸਿਖਾਂ ਦੇ ਧਾਰਮਕ ਜਜ਼ਬਾਤ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਇਸ ਦੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕੜਾਹ ਪ੍ਰਸ਼ਾਦ ਅਤੇ ਸਿੰਘਾਂ ਦੀ ਪਵਿੱਤਰ ਕਿਰਪਾਨ ਦਾ ਇਸ ਤਰ੍ਹਾਂ ਮਖ਼ੌਲ ਉਡਾ ਕੇ ਇਨ੍ਹਾਂ ਨੂੰ ਸਿਗਰਟ ਅਤੇ ਵਿਸਕੀ ਨਾਲ ਤੁਲਨਾ ਦੇਣੀ ਕਿਤਨੀ ਕਮੀਨੀ ਹਰਕਤ ਹੈ ? ਕੀ ਸਿਖ ਜਜ਼ਬਾਤ ਨੂੰ ਇਸੇ ਤਰ੍ਹਾਂ ਕੁਚਲਿਆ ਜਾਂਦਾ ਰਹੇਗਾ ? ਕੌਮ ਦੇ ਆਗੂਆਂ ਅਤੇ ਸੂਰਬੀਰ ਕੌਮ ਦੇ ਦਰਦੀ ਵੀਰਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਉਠੋ, ਜਾਗੋ ਅਤੇ ਇਸ ਤਰ੍ਹਾਂ ਦੀਆਂ ਵਧੀਕੀਆਂ ਕਰਨ ਵਾਲਿਆਂ ਨੂੰ ਕਾਨੂੰਨ ਦੀ ਸਹਾਇਤਾ ਨਾਲ ਸੋਧ ਦਿਓ।

---

***ਪਾਠਕ ਸਜਣੋ***—ਹਰ ਮਹੀਨੇ ਚੰਦੇ ਖ਼ਤਮ ਹੋਣ ਵਾਲੇ ਸਜਣਾਂ ਦੇ ਪਰਚਿਆਂ ਪਿਛੇ ਮੋਹਰ ਲਾਈ ਜਾਂਦੀ ਹੈ। ਮੋਹਰ ਵਾਲਾ ਪਰਚਾ ਪੁਜਣ ਸਾਰ ਹੀ ਚੰਦਾ ਭੇਜ ਦੇਣ ਦੀ ਕਿਰਪਾਲਤਾ ਕਰੋ। ਬਾਅਦ ਵਿਚ ਪਰਚਾ ਬੰਦ ਹੋ ਕੇ ਦੁਬਾਰਾ ਚਾਲੂ ਕਰਨ ਵਿਚ ਰਜਿਸਟਰਾਂ ਦੀ ਵਾਧੂ ਕਟ ਵਧ ਤੇ ਪ੍ਰੇਸ਼ਾਨੀ ਹੁੰਦੀ ਹੈ।

***ਚਿੱਠੀ ਪੱਤਰ ਤੇ ਰਕਮ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।***



www.AKJ.Org

# ਅਖੰਡ ਕੀਰਤਨੀ ਜੱਥਾ ਪੰਥ ਤੋਂ ਵੱਖਰੀ ਸੰਪਰਦਾ ਨਹੀਂ

ਅਖੰਡ ਕੀਰਤਨੀ ਜੱਥਾ ਕੋਈ ਵਖਰੀ ਸੰਪਰਦਾ ਨਹੀਂ । ਇਹ ਪੰਥ ਦਾ ਨਿਰਮਾਣ ਜੱਥਾ ਰੱਬੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰਕੇ ਆਪਣਾ ਜਨਮ ਸਫਲ ਕਰ ਰਿਹਾ ਹੈ । ਇਸਦੇ ਸੰਚਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਛਾ ਅਤੇ ਆਗਿਆ ਅਨੁਸਾਰ ਇਸ ਜਥੇ ਦੀ ਅਗਵਾਈ ਕਰਣੀ-ਕਮਾਈ ਵਾਲੇ ਨਾਮ ਅਭਿਆਸੀ ਪੰਜ ਪਿਆਰੇ ਕਰਦੇ ਆਏ ਹਨ, ਕਰ ਰਹੇ ਹਨ ਤੇ ਏਵੇਂ ਹੀ ਕਰਦੇ ਰਹਿਣਗੇ ।

ਭਾਈ ਸਾਹਿਬ ਦੇ ਚਲਾਣੇ ਸਮੇਂ ਗੁਜਰਵਾਲ ਦੀ ਢਾਬ ਉਤੇ, ਜਿਥੇ ਭਾਈ ਸਾਹਿਬ ਦਾ ਸਸਕਾਰ ਕੀਤਾ ਗਿਆ ਸੀ, ਸਰਕਾਰੀ ਅਤੇ ਜਨਤਾ ਦੀਆਂ ਸ਼ਰਧਾਂਜਲੀਆਂ ਦੇ ਜਵਾਬ ਵਿਚ ਸ੍ਰੀਮਾਨਬਾਊ ਮਲਸਿੰਘ ਜੀਨੂੰ ਐਲਾਨ ਕੀਤਾ ਸੀ—"ਭਾਈ ਸਾਹਿਬ ਜੀ ਦੀ ਕੋਈਸੰਪ੍ਰਦਾਇ ਨਹੀਂ ਚਲੇਗੀ, ਕੋਈ ਗੱਦੀਦਾਰ ਵਾਰਸ ਨਹੀਂ ਬਣੇਗਾ, ਕੋਈ ਯਾਦਗਾਰ ਨਹੀਂ ਬਣਾਈ ਜਾਵੇਗੀ । ਇਹ ਭਾਈ ਸਾਹਿਬ ਦੇ ਹੁਕਮ ਹਨ ਤੇ ਇਨ੍ਹਾਂ ਦੀ ਪਾਲਣਾ ਕੀਤੀ ਜਾਵੇਗੀ। ਜੱਥੇ ਦੀ ਅਗਵਾਈ ਪੰਜ ਪਿਆਰੇ ਹੀ ਕਰਨਗੇ ।"

ਵਖ ਵਖ ਥਾਵਾਂ ਤੇ ਸੈਂਟਰਲ ਸਮਾਗਮ ਰਚਣ ਤੇ ਪੁਸਤਕਾਂ ਦੀ ਛਪਾਈ ਆਦਿ ਮਾਮਲਿਆਂ ਬਾਰੇ ਪ੍ਰਬੰਧ ਜੱਥੇ ਦੀ ਕਾਰਜ ਸਾਧਕ ਕਮੇਟੀ ਪਾਸ ਹੈ, ਜੋ ਕਿ ਸੰਗਤ ਦੀ ਥਾਪੀ ਹੋਈ ਹੈ ।

ਇਹ ਸੂਚਨਾ ਅਥਵਾ ਸਪੱਸ਼ਟੀ-ਕਰਣ ਸਮੇਂ ਸਮੇਂ ਸੰਗਤਾਂ ਦੀ ਗਿਆਤ ਲਈ ਦੁਹਰਾਇਆ ਜਾਂਦਾ ਹੈ ਤਾਂ ਜੋ ਕਿਸੇ ਨੂੰ ਸੰਸੇ ਦੀ ਕੋਈ ਗੁੰਜਾਇਸ਼ ਨ ਰਹੇ ।

---

# ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | |
|---|---|
| ਬੀਬੀ ਸਸ਼ੀਲਕੌਰ ਸੁਪਤਨੀ ਸ:ਜਗਤਾਰਸਿੰਘ ਜੀ ਨਵੀਂ ਦਿੱਲੀ ਵਲੋਂ ਬੱਚੇ ਦੀ ੧੯ਵੀਂ ਬਰਸੀਸਮੇਂ | ੧-੦੦ |
| ਸ: ਮੋਹਕਮ ਸਿੰਘ ਜੀ ਰਾਹੀਂ ਬੀਬੀ ਸਤਵੰਤ ਕੌਰ ਜੀ ਲੁਧਿਆਨਾ ਵਲੋਂ | ੧੫-੦੦ |
| ਸ: ਮਸਤਾ ਸਿੰਘ ਜੀ ਡਰਬੀ ਵਲੋਂ ਸਤ ਪੌਂਡ ਪੁਜੇ | ੧੦੪-੦੨ |
| ਕੈਪਟਨ ਅਵਤਾਰ ਸਿੰਘ ਜੀ ਅੰਮ੍ਰਿਤਸਰ ਵਲੋਂ | ੫੦-੦੦ |
| ਲੈਫਟੀਨੈਂਟ ਕਮਾਂਡਰ ਸ: ਇਕਬਾਲ ਸਿੰਘ ਜੀ ਕੋਛੜ ਨਵੀਂ ਦਿਲੀ ਵਲੋਂ ਬਚੀ ਦੀ ਸ਼ਾਦੀ ਸਮੇਂ | ੧੦੧-੦੦ |
| ਗੁਪਤ ਦਾਨ ਕੋਟਾ (ਰਾਜਿਸਥਾਨ) ਤੋਂ | ੧੦-੦੦ |

---

# ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਸ: ਗੁਰਨਾਮ ਸਿੰਘ ਜੀ Hony Gen. Secretary ਅਖੰਡ ਕੀਰਤਨੀ ਜੱਥਾ ਯੂ. ਕੇ. 10-Lambourne Grdns, Earley, Reading (Berks) ਤੋਂ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜਥੇ ਵਲੋਂ ਹੇਠ ਲਿਖੇ ਅਨੁਸਾਰ ਅਖੰਡਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ । ਸਮੂੰਹ ਸੰਗਤ ਸਮੇਂ ਸਿਰ ਪੁਜ ਕੇ ਗੁਰਬਾਣੀ ਸਰਵਣ ਕਰੇਨ ਦੇ ਲਾਹੇ ਪ੍ਰਾਪਤ ਕਰੇ ।

(1) ਸ੍ਰੀ ਅਖੰਡਪਾਠ 2. 9. 77 ਤੋਂ 4. 9. 77 ਭੋਗ
Bhai Joginder Singh ji, 75-Mortington St.,
Leicester LE5-3NG, U.K., Phone 0533/537915

(2) ਸ੍ਰੀ ਅਖੰਡਪਾਠ ੯. 9. 77 ਤੋਂ 11.9.77 ਭੋਗ
Bhai Amarjit Singh ji, 3 Diary House,
Derby, U.K. Phone Derby 31977

(3) ਸ੍ਰੀ ਅਖੰਡਪਾਠ 16. 9. 77 ਤੋਂ 18. 9. 77 ਭੋਗ ਨਵੇਂ ਘਰ ਦੀ ਖੁਸ਼ੀ ਵਿਚ ਗੁਰੂ-ਚਰਨਾਂ ਵਿਚ ਸ਼ੁਕਰਾਨੇ ਲਈ ਜੁੜਨਾ ਹੈ ।
Bhai Gurmej Singh BaKshish Singh, 48 Philip Victoria Rd.,
Handsworth-Birmingham—20, U.K. Phone—021-523-2715

www.AKJ.Org

# ਪਾਵਨ ਬੀੜਾਂ ਦੀ ਛਪਾਈ ਦਾ ਹੱਕ ਕੇਵਲ ਸ਼੍ਰੋਮਣੀ ਕਮੇਟੀ ਕੋਲ ਹੋਵੇ

## *ਨਵੇਂ ਗੁਰਦੁਆਰਾ ਐਕਟ ਵਿਚ ਸ਼ਾਮਲ ਕਰਾਉਣ ਵਾਲਾ ਜ਼ਰੂਰੀ ਮਸਲਾ*

### ਸਮੂੰਹ ਸਿਖ ਸੰਸਥਾਵਾਂ ਮਤੇ ਅਤੇ ਮੇਹਜਰਨਾਮੇ ਭੇਜਣ

ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਸਮੂੰਹ ਸਿੱਖ ਸੰਸਥਾਵਾਂ, ਗੁਰਬਾਣੀ ਦੇ ਪ੍ਰੇਮੀਆਂ ਦੀ ਸੇਵਾ ਵਿਚ ਸਨਿਮਰ ਅਪੀਲ ਕੀਤੀ ਗਈ ਹੈ ਕਿ ਹਰ ਸਿਖ ਸੰਸਥਾ ਦੇ ਮੁਖੀ ਸੇਵਕ ਤੇ ਪ੍ਰਬੰਧਕ ਸਾਹਿਬਾਨ ਗੁਰਬਾਣੀ ਦੀ ਪਵਿੱਤ੍ਰਤਾ ਬਾਰੇ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨ। ਇਸ ਵੇਲੇ ਜਿਸ ਤਰ੍ਹਾਂ ਵਪਾਰੀ ਢੰਗਾਂ ਨਾਲ ਦੁਕਾਨਦਾਰਾਂ ਵਲੋਂ ਗੁਰਬਾਣੀ ਦੀ ਅਸ਼ੁਧ ਤੇ ਮਨ-ਮਰਜ਼ੀ ਦੇ ਢੰਗਾਂ ਨਾਲ ਛਪਾਈ ਹੋ ਰਹੀ ਹੈ, ਇਹ ਗੁਰਬਾਣੀ ਦੀ ਬੇਅਦਬੀ ਹੈ। ਇਸ ਦਾ ਇਲਾਜ ਇੱਕੋ ਹੀ ਹੈ ਕਿ ਸ਼੍ਰੋ: ਕਮੇਟੀ ਹੀ ਗੁਰਬਾਣੀ ਦੀ ਛਪਾਈ ਦਾ ਫ਼ਰਜ਼ ਨਿਭਾਵੇ।

ਨਵੇਂ ਸਰਬ ਹਿੰਦ ਗੁਰਦੁਆਰਾ ਐਕਟ ਦੀ ਤਿਆਰੀ ਹੋ ਰਹੀ ਹੈ। ਢੁਕਵਾਂ ਸਮਾਂ ਆ ਪੁਜਿਆ ਹੈ। ਸਿਖ ਸੰਗਤਾ ਆਪਣੇ ਨਿੱਜੀ ਪੱਤਰਾਂ, ਮੇਹਜਰਨਾਮਿਆਂ, ਮਤਿਆਂ ਰਾਹੀਂ ਸ਼੍ਰੋ: ਕਮੇਟੀ ਤੇ ਇਸ ਭਾਵ ਦੀ ਧਾਰਾ ਨਵੇਂ ਵਿਧਾਨ ਵਿਚ ਸ਼ਾਮਲ ਕਰਾਏ ਜਾਣ ਲਈ ਜ਼ੋਰ ਪਾਇਆ ਜਾਵੇ। ਇਨ੍ਹਾਂ ਮਤਿਆਂ ਆਦਿ ਦੀਆਂ ਕਾਪੀਆਂ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਤੇ ਮੁਖ ਮੰਤਰੀ ਪੰਜਾਬ ਸਰਕਾਰ ਨੂੰ ਭੇਜੀਆਂ ਜਾਣ।

ਸਾਰੀਆਂ ਸੰਸਥਾਵਾਂ, ਸਿੰਘ ਸਭਾਵਾਂ, ਗੁਰ-ਦੁਆਰਾ ਕਮੇਟੀਆਂ ਤੇ ਪੰਥ-ਦਰਦੀ ਸਜਣ ਇਸ ਭਾਵ ਦੇ ਮਤੇ ਸੋਧ ਕੇ ਛੇਤੀ ਤੋਂ ਛੇਤੀ ਭੇਜਣ ਅਤੇ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

### *ਗੁਰਮਤਾ*

ਅਜ ਦਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸ਼ੁਧ ਤੇ ਬੇਅਦਬ ਢੰਗ ਨਾਲ ਹੋ ਰਹੀ ਛਪਾਈ ਬਾਰੇ ਦੁਖ ਪ੍ਰਗਟ ਕਰਦਾ ਹੋਇਆ ਸ਼੍ਰੋ: ਗੁ: ਪ੍ਰ: ਕਮੇਟੀ ਪਾਸ ਸਨਿਮਰ ਬੇਨਤੀ ਕਰਦਾ ਹੈ ਕਿ ਇਹ ਪ੍ਰਮੁਖ ਪੰਥਕ ਸੰਸਥਾ ਗੁਰਬਾਣੀ ਦੇ ਸ਼ੁਧ ਛਪਾਉਣ ਤੇ ਪ੍ਰਚਾਰਨ ਦੀ ਆਪਣੀ ਅਸਲੀ ਜ਼ਿਮੇਵਾਰੀ ਸਚੇ ਦਿਲੋਂ ਅਨਭਵ ਕਰੇ। ਗੁਰਦਵਾਰਾ ਐਕਟ ਵਿਚ ਫ਼ੌਰੀ ਤੌਰ ਤੇ ਤਰਮੀਮ ਕਰਕੇ ਇਕ ਧਾਰਾ ਅਜਿਹੀ ਸ਼ਾਮਲ ਕੀਤੀ ਜਾਏ ਜਿਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਅਤੇ ਗੁਰਬਾਣੀ ਦੀ ਛਪਾਈ ਦਾ ਹੱਕ ਕੇਵਲ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਹੀ ਹਾਸਲ ਹੋਵੇ, ਤਾਂ ਜੁ ਵਪਾਰੀ ਪ੍ਰਕਾਸ਼ਕਾਂ ਵਲੋਂ ਅਸ਼ੁਧ ਛਪਾਈ, ਬੇ-ਅਦਬਾਨਾ ਢੰਗ ਨਾਲ ਕੀਤੀ ਜਾ ਰਹੀ ਛਪਾਈ ਅਤੇ ਮਨ-ਮਾਨੀ ਮੁਨਾਫ਼ਾ-ਖ਼ੋਰੀ ਤੋਂ ਛੁਟਕਾਰਾ ਹੋ ਸਕੇ।

## *ਮੇਹਜਰ-ਨਾਮਾ*

[ਇਸ ਮੇਹਜਰ-ਨਾਮੇ ਦੀ ਇਕ ਨਕਲ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਭੇਜੀ ਜਾਵੇ ਅਤੇ ਦੂਜੀ ਮੁਖ ਮੰਤਰੀ ਪੰਜਾਬ ਸਰਕਾਰ ਨੂੰ]

### *ਬਾਣੀ ਤੇ ਗੁਰਤਾ—*

ਸਰਬੱਤ ਸੰਸਾਰ ਤੇ ਸੂਰਜ-ਵਤ ਇਹ ਗੱਲ ਪ੍ਰਗਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਖ ਜਗਤ ਦੇ ਵਰਤਮਾਨ ਯੁਗ ਵਿਚ ਸਤਿਗੁਰੂ ਹਨ ਅਤੇ ਆਪ ਜੀ ਦੀ ਗੁਰਤਾ ਜੁਗੋ ਜੁਗ ਅਟੱਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸੰਸਾਰ ਵਿਚ ਮਨੁਖ-ਮਾਤਰ ਲਈ ਕਲਿਆਨ-ਕਾਰੀ ਹੈ। ਇਹ ਪਾਵਨ ਬਾਣੀ ਸਤਿਗੁਰਾਂ, ਭਗਤਾਂ ਅਤੇ ਭੱਟਾਂ ਤੇ ਨਾਜ਼ਲ ਹੋਇਆ ਰਬੀ ਗਿਆਨ ਗੁਰੂ ਸਾਹਿਬਾਨ ਦਾ ਆਪ ਪ੍ਰਵਾਣਤ ਕੀਤਾ ਹੋਇਆ ਹੈ। ਜਿਸਨੂੰ ਸਤਿਗੁਰਾਂ ਨੇ ਆਪਣੀ ਹਜ਼ੂਰੀ ਵਿਚ ਇਕੱਤਰ ਕਰਕੇ ਆਪਣੀ ਦੇਖ ਰੇਖ ਵਿਚ ਸੰਪਾਦਕ ਕਰਵਾਇਆ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਨ ਕੀਤੀ। ਇਸ ਗੱਲ ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਬਾਕੀ ਧਰਮਾਂ ਦੇ ਧਰਮ-ਗ੍ਰੰਥਾਂ ਨਾਲੋਂ ਵਿਲੱਖਣ ਹੋਣ ਦਾ ਰਾਜ਼ ਹੈ।

### *ਉਤਾਰੇ ਤੇ ਛਪਾਈ—*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਤੀ ਉਤਾਰਿਆਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਨ ਹੁੰਦੇ ਹਨ। ਏਡੇ ਵਡੇ ਅਕਾਰ ਦੇ ਧਰਮ-ਗ੍ਰੰਥ ਦੇ ਏਡੀ ਵਡੀ ਗਿਣਤੀ ਵਿਚ ਉਤਾਰੇ ਕੀਤੇ ਜਾਣੇ ਇਕ

www.AKJ.Org

ਤੜਪ ਦੀ ਪੂਰਤੀ ਸੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਿਖ ਸੰਗਤਾਂ ਦੇ ਉਤਸ਼ਾਹ ਦਾ ਮੂੰਹ-ਬੋਲਦਾ ਸਬੂਤ ਹੈ। ਉਤਾਰੇ ਸ਼ਰਧਾਲੂਆਂ ਵਲੋਂ ਵੀ ਹੋਏ, ਪੇਸ਼ਾਵਰ ਲਿਖਾਰੀਆਂ ਵਲੋਂ ਵੀ ਅਤੇ ਵਿਰੋਧੀਆਂ ਵਲੋਂ ਵੀ ਬਾਣੀ ਵਿਚ ਕੁਝ ਵਾਧੇ ਘਾਟੇ ਕਰਕੇ ਉਤਾਰੇ ਕੀਤੇ ਹੋਏ ਮਿਲਦੇ ਹਨ। ਉਤਾਰਿਆਂ ਮਗਰੋਂ ਛਪਾਈ ਅਰੰਭ ਹੋਈ। ਛਪਾਈ ਦਾ ਕੰਮ ਸਿਖ ਸੰਸਥਾਵਾਂ ਵਲੋਂ ਵੀ ਕੀਤਾ ਗਿਆ ਤੇ ਜਾ ਰਿਹਾ ਹੈ, ਪਰ ਪ੍ਰਮੁਖ ਤੌਰ ਤੇ ਛਪਾਈ ਦਾ ਕੰਮ ਵਪਾਰੀ ਪ੍ਰਕਾਸ਼ਕਾਂ ਦੇ ਹੱਥਾਂ ਵਿਚ ਹੀ ਰਿਹਾ ਹੈ ਅਤੇ ਹੁਣ ਵੀ ਹੈ।

### *ਛਪਾਈ ਵਿਚ ਅਣਗਹਿਲੀ–*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕੰਮ ਵਪਾਰੀ ਪ੍ਰਕਾਸ਼ਕਾਂ ਉਤੇ ਛਡ ਕੇ ਸਿਖ ਕੌਮ ਨੇ ਵਡੀ ਭੁਲ ਕੀਤੀ, ਜਿਸ ਭੁਲ ਦਾ ਖ਼ਮਿਆਜ਼ਾ ਅਜ ਦੀ ਸਿਖ ਪੀੜ੍ਹੀ ਭੁਗਤ ਰਹੀ ਹੈ। ਵਪਾਰੀਆਂ ਵਲੋਂ ਛਪਾਈ ਵਿਚ ਬੇਅਦਬੀ ਵੀ ਕੀਤੀ ਜਾਂਦੀ ਹੈ ਅਤੇ ਅਣਗਹਿਲੀ ਵੀ ਵਰਤੀ ਜਾਂਦੀ ਹੈ, ਜਿਸ ਦੇ ਫਲ ਸਰੂਪ ਸ਼ਬਦਾਂ, ਅਖਰਾਂ ਅਤੇ ਲਗਾਂ ਮਾਤ੍ਰਾਂ ਦੇ ਅਣਗਿਣਤ ਭੇਦ ਦੇਖਣ ਵਿਚ ਆ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਦੀ ਬਝਵੀਂ ਨਿਯਮਾਵਲੀ ਹੈ। ਇਹ ਲਿਖਾਈ ਬੜੀ ਜੁਗਤਿ ਨਾਲ ਕੀਤੀ ਹੋਈ ਹੈ। ਲਿਖਤ ਜਾਂ ਛਾਪੇ ਦੀ ਅਣਗਹਿਲੀ ਕਾਰਨ ਲਗਾਂ ਮਾਤ੍ਰਾਂ ਦੇ ਵਾਧੇ ਘਾਟੇ ਹੋਣ ਨਾਲ ਅਰਥ ਹੋਰ ਦੇ ਹੋਰ ਬਣ ਜਾਂਦੇ ਹਨ। ਸ਼ਬਦ-ਭੇਦਾਂ ਤੇ ਲਗਾਂ ਮਾਤ੍ਰਾਂ ਦੀ ਇਕ-ਸਾਰਤਾ ਪੰਥਕ ਤੌਰ ਤੇ ਵਿਚਾਰਨੀ ਜ਼ਰੂਰੀ ਹੈ। ਪਰ ਇਕ-ਸਾਰਤਾ ਤਾਂ ਹੀ ਹੋ ਸਕਦੀ ਹੈ ਜੇ ਛਪਾਈ ਦਾ ਕੰਮ ਇਕੋ ਥਾਂ ਹੋਵੇ।

### *ਗੁਰਬਾਣੀ ਦੀ ਛਪਾਈ–*

ਕਾਫ਼ੀ ਚਿਰ ਤੋਂ ਸਮੁਚੀ ਕੌਮ ਬੀੜਾਂ ਦੀ ਛਪਾਈ ਵਿਚ ਵਰਤੀ ਗਈ ਅਣਗਹਿਲੀ ਬਾਰੇ ਚਿੰਤਾਤੁਰ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਬੀੜਾਂ ਦੀ ਛਪਾਈ ਦਾ ਕੰਮ ਵਪਾਰੀ ਪ੍ਰਕਾਸ਼ਕਾਂ ਦੀ ਬਜਾਏ ਕੇਵਲ ਸਿਖ ਜਗਤ ਦੀ ਪ੍ਰਮੁਖ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦੇ ਹੱਥਾਂ ਵਿਚ ਹੀ ਹੋਵੇ।

ਪਾਕਿਸਤਾਨ ਵਿਚ ਕਾਨੂੰਨਨ ਕੋਈ ਵਪਾਰੀ-ਪ੍ਰਕਾਸ਼ਕ ਕੁਰਾਨ ਸਰੀਫ ਨਹੀਂ ਛਾਪ ਸਕਦਾ। ਏਸੇ ਤਰ੍ਹਾਂ ਲੋੜ ਹੈ ਕਿ ਸਿਖ ਗੁਰਦਵਾਰਾ ਐਕਟ ਵਿਚ ਇਕ ਅਜਿਹੀ ਧਾਰਾ ਸ਼ਾਮਲ ਕੀਤੀ ਜਾਵੇ ਜਿਸ ਦਵਾਰਾ ਬੀੜਾਂ ਦੀ ਛਪਾਈ ਅਤੇ ਗੁਰਬਾਣੀ ਦੀ ਛਪਾਈ ਦਾ ਹੱਕ ਕਾਨੂੰਨੀ ਤੌਰ ਤੇ ਸਿੱਖਾਂ ਦੀ ਪ੍ਰਮੁਖ ਸੰਸਥਾ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਹੱਥ ਵਿਚ ਹੀ ਹੋਵੇ।

ਨੋਟ–ਇਸ ਮੇਹਜਰਨਾਮੇ ਦਵਾਰਾ (ਸ਼ਹਿਰ, ਨਗਰ ਦਾ ਨਾਮ) ਦੀ ਸੰਗਤ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਪੰਜਾਬ ਸਰਕਾਰ ਨੂੰ ਸਿਖ ਗੁਰਦਵਾਰਾ ਐਕਟ ਵਿਚ ਉਪ੍ਰੋਕਤ ਕਿਸਮ ਦੀ ਧਾਰਾ ਸ਼ਾਮਲ ਕਰਨ ਦੀ ਜ਼ੋਰਦਾਰ ਸ਼ਬਦਾਂ ਵਿਚ ਮੰਗ ਕਰਦੀ ਹੈ।

(ਦਸਖ਼ਤ ਮੇਹਜਰਨਾਮਾ ਭੇਜਣ ਵਾਲਿਆਂ ਦੇ, ਜੋ ਘਟ ਤੋਂ ਘਟ ਇਕ ਸੌ ਸਿੰਘਾਂ ਦੇ ਹੋਣੇ ਚਾਹੀਦੇ ਹਨ।)

## ਤੀਜੇ ਗੁਰੂ ਗ੍ਰੰਥ ਵਿਚਾਰ ਸੰਮੇਲਨ ਦਾ ਮੁਖ ਵਿਸ਼ਾ 'ਕੀਰਤਨ' ਹੋਵੇਗਾ

ਅੰਮ੍ਰਿਤਸਰ–ਕੇਂਦਰੀ ਸਿੰਘ ਸਭਾ ਵਲੋਂ ੧੬, ੧੭ ਤੇ ੧੮ ਸਤੰਬਰ ਨੂੰ ਤੀਜਾ ਗੁਰੂ ਗ੍ਰੰਥ ਵਿਚਾਰ ਸੰਮੇਲਨ ਕੀਤਾ ਜਾ ਰਿਹਾ ਹੈ। ਜਿਸ ਲਈ ਇਸ ਵਰ੍ਹੇ ਦਾ ਮੁਖ ਵਿਸ਼ਾ 'ਕੀਰਤਨ' ਹੋਵੇਗਾ।

ਭਾਈ ਸਾਹਿਬ ਰੰਧੀਰ ਸਿੰਘ ਜੀ ਦੀ ਸੌ-ਸਾਲਾ ਜਨਮ-ਸ਼ਤਾਬਦੀ ਲਈ ਕੇਂਦਰੀ ਸਿੰਘ ਸਭਾ ਵੱਲੋਂ ਇਹ ਢੁਕਵੀਂ ਭੇਟ ਪੇਸ਼ ਕੀਤੀ ਜਾ ਰਹੀ ਹੈ। ਇਸ ਸਮਾਗਮ ਵਿਚ ਜਿਥੇ ਉਘੇ ਵਿਦਦਾਨ ਖੋਜ ਪੱਤ੍ਰ ਪੜ੍ਹਨਗੇ ਉਥੇ ਪੰਥ ਦੇ ਨਿਰਮਾਣ ਕੀਰਤਨੀਏ, ਵਿਸ਼ੇਸ਼ ਕਰ ਭਾਈ ਮਹਿੰਦਰ ਸਿੰਘ ਜੀ, ਭਾਈ ਜੋਗਿੰਦਰ ਸਿੰਘ ਅਤੇ ਅਖੰਡ ਕੀਰਤਨੀ ਜਥਿਆਂ ਦੇ ਹੋਰ ਵੀਰ ਭੈਣਾਂ ਵੀ ਸ਼ਾਮਲ ਹੋਣਗੇ। ਕੀਰਤਨ ਲਈ ਅਮਰੀਕਨ ਸਿੰਘ, ਸਿੰਘਣੀਆਂ ਵੀ ਭਾਗ ਲੈਣਗੇ। ਅਖੰਡ ਕੀਰਤਨੀ ਜਥੇ ੧੭ ਸਤੰਬਰ ਸ਼ਨਿਚਰਵਾਰ ਨੂੰ ਹਰਿਮੰਦਰ ਸਾਹਿਬ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਗੇ। ਗੁਰਮਤਿ ਪ੍ਰੇਮੀ ਲਾਭ ਉਠਾਉਣ। ਹਰ ਰੋਜ਼ ਸਵੇਰੇ ਸ਼ਾਮ ਮੰਜੀ ਸਾਹਿਬ ਦੀਵਾਨ ਸੱਜਣਗੇ।

ਇਸ ਸਮੇਂ ੧੮ ਸਤੰਬਰ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਪੰਥ ਦੇ ਨਿਰਮਾਣ ਤੇ ਸੰਜੀਦਾ ਸੇਵਕ, ਬਾਵਾ ਹਰਿਕਿਸ਼ਨ ਸਿੰਘ ਜੀ ਨੂੰ ਉਨ੍ਹਾਂ ਦੀਆਂ ਪੰਥ ਲਈ ਘਾਲੀਆਂ ਘਾਲਾਂ ਵਜੋਂ ਸਨਮਾਨਤ ਕੀਤਾ ਜਾਵੇਗਾ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਇਸ ਮਹੀਨੇ ਹੇਠ ਲਿਖੇ ਮੈਂਬਰਾਂ ਵਲੋਂ ਸੌ ਸੌ ਰੁਪਏ ਪੁਜੇ ਹਨ। ਸਭ ਦੀਆਂ ਐਫ ਡੀਆਂ ਦੇ ਨੰਬਰ ਇਹ ਹਨ :—

| | | | | |
|---|---|---|---|---|
| 279. ਸ੍ਰੀ R. S. Sodhi | (ਚਿਟ ਨੰ: | 3279) | 733897/1079/77 | ਮਿਤੀ 26.8.77 |
| 280. ਸ: ਰਣਬੀਰ ਸਿੰਘ ਜੀ A. E. | ( ,, | 3280) | 733898/1080/77 | ,, |
| 281. ਸ: ਕੁਲਦੀਪ ਸਿੰਘ ਜੀ S. D. O. Elect | ( ,, | 3281) | 733899/1081/77 | ,, |
| 282. ਸ: ਅਜੀਤ ਸਿੰਘ ਸਪੁਤ੍ਰ ਸ: ਦਿਆਲ ਸਿੰਘ | ( ,, | 3282) | 733900/1082/77 | ,, |
| 283. ਸ: ਰਾਜਿੰਦਰ ਸਿੰਘ ਜੀ | ( ,, | 3283) | 733701/1083/77 | ,, |
| 284. ਪ੍ਰੋ: ਲਖਦੇਵ ਸਿੰਘ ਜੀ | ( ,, | 3284) | 733702/1084/77 | ,, |

ਦੇਸ ਵਿਚ ਸੌ ਰੁਪਏ ਇਕੋ ਵਾਰ ਭੇਜ ਕੇ ਸਾਲ ਦੇ ਸਾਲ ਚੰਦਾ ਭੇਜਣ ਤੋਂ ਛੁਟਕਾਰਾ ਮਿਲਦਾ ਹੈ। ਇਸ ਰਕਮ ਦੀ ਪਾਠਕ ਦੇ ਨਾਂ ਦੀ ਬੈਂਕ ਵਿਚ ਐਫ. ਡੀ. ਬਣਾ ਦਿਤੀ ਜਾਂਦੀ ਹੈ। ਰਕਮ ਦਾ ਸੂਦ ਹਰ ਸਾਲ ਚੰਦੇ ਵਜੋਂ 'ਸੂਰਾ' ਨੂੰ ਮਿਲਦਾ ਰਹਿੰਦਾ ਹੈ ਅਤੇ ਰਕਮ ਪਾਠਕ ਦੀ ਅਮਾਨਤ ਪਈ ਰਹਿੰਦੀ ਹੈ। ਸੋ ਆਪਣੀ ਤੇ ਸਾਡੀ ਖੇਚਲ ਬਚਾਣ ਲਈ ਇਕੋ ਵਾਰ ਸੌ ਰੁਪਿਆ ਭੇਜ ਦੇਵੋ ਜੀ। ਪਰਦੇਸ ਦੇ ਰੇਟ ਵਖਰੇ ਹਨ।

---

## ਟ੍ਰੈਕਟਾਂ ਲਈ ਪੁਜੀ ਸਹਾਇਤਾ

'ਸੂਰਾ' ਮਾਸਕ ਪੱਤਰ ਵਲੋਂ ਪਰਚਾਰ ਹਿਤ ਛਪ ਰਹੇ ਟ੍ਰੈਕਟਾਂ ਲਈ ਸ: ਇੰਦਰਜੀਤ ਸਿੰਘ ਮਾਨ ਅਤੇ ਗਿ: ਗੁਰਦੇਵ ਸਿੰਘ ਜੀ ਵਲੋਂ ਮਸਕਟ ਤੋਂ 1108/- ਰੁਪਏ ਦੀ ਸਹਾਇਤਾ ਪੁਜੀ ਹੈ। ਇਸ ਨਾਲ ਟ੍ਰੈਕਟ ਲਾਗਤ ਤੋਂ ਘਟ ਭੇਟਾ ਵਿਚ ਦਿਤੇ ਜਾ ਰਹੇ ਹਨ। ਹੇਠ ਲਿਖੇ ਟ੍ਰੈਕਟ ਛਪ ਚੁਕੇ ਹਨ ਅਤੇ ਛਪ ਰਹੇ ਹਨ—

੧. ਗੁਰਬਾਣੀ ਦੀ ਪਾਰਸ ਕਲਾ
੨. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ
੩. ਕੀ ਕੇਸ ਰਖਣੇ ਜ਼ਰੂਰੀ ਹਨ ?
੪. ਗੁਰੂ ਮੇਰੈ ਸੰਗਿ ਸਦਾ ਹੈ ਨਾਲੇ
੫. ਗੁਰਸਿਖ ਰਹਿਣੀ
੬. ਗੁਰਮੁਖ ਪਿਆਰੇ ਭਾਈ ਸਾਹਿਬ (ਜੀਵਨ)
੭. ਕੀ ਮਾਸ ਖਾਣਾ ਗੁਰਮਤਿ ਹੈ ?
੮. ਸ੍ਰੀ ਗੁਰੂ ਗ੍ਰੰਥ ਸਾਹਿਬ ਪਦਛੇਦ ਕਿਉਂ ?

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | |
|---|---|---|---|---|
| ਅਣਡਿਠੀ ਦੁਨੀਆ | | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਗੌਰਵਤਾ | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦, | ੬-੫੦ | ਦਰਸ਼ਨ ਝਲਕਾਂ | ੨-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਰਮਜ਼ਾਂ | | ੧-੩੦ | ਅੰਮ੍ਰਿਤ ਕਲਾ | ੦-੪੦ |
| ਸਿੰਘਾਂ ਦਾ ਪੰਥ ਨਿਰਾਲਾ | | ੦-੫੦ | ਸਿਖ ਕੌਣ ਹੈ | ੦-੩੦ |
| ਚਰਨ ਕਮਲ ਕੀ ਮਉਜ | | ੦-੭੫ | ਸੱਚੀਆਂ ਦਾੜ੍ਹੀਆਂ | ੦-੨੦ |
| ਗੁਰਬਾਣੀ ਦੀ ਪਾਰਸ ਕਲਾ | | ੦-੪੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | | ੦-੨੦ | ਜੀਵਨ ਝਲਕਾਂ ਭਾ:ਸਾ: ਰਣਧੀਰ ਸਿੰਘ | ੦-੫੦ |

www.AKJ.Org

## ਬਟਾਲਾ (ਜ਼ਿਲਾ ਗੁਰਦਾਸਪੁਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### *ਸ਼ਨੀਵਾਰ ਸਵੇਰ 17 ਤੋਂ 20 ਸਤੰਬਰ 1977 ਮੰਗਲਵਾਰ ਸਵੇਰ ਤਕ*

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸੰਬੰਧ ਵਿਚ ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਉਂ ਪੁਜ ਰਹੇ ਹਨ। ਸਰਬਤ ਪਿਆਰੇ ਪੁਜ ਕੇ ਕੀਰਤਨ ਧੁਨਾਂ ਦੇ ਅਨੰਦ ਮਾਣੋ ਜੀ।

*- ਪ੍ਰੋਗਰਾਮ -*

| | | |
|---|---|---|
| ੧੭ ਸਤੰਬਰ ਸਵੇਰੇ ੪ ਤੋਂ ੭ | ਕੀਰਤਨ ਅਤੇ ਅਰੰਭ ਸ੍ਰੀ ਅਖੰਡਪਾਠ | ਕੀਰਤਨ-ਅਸਥਾਨ ਵਿਖੇ |
| ਸ਼ਾਮ ੭ ਤੋਂ ੧੦ | ਸੋਦਰ ਦੀ ਚਉਕੀ | ਗੁਰਦੁਆਰਾ ਸਤਿ ਕਰਤਾਰੀਆਂ ਨੇੜੇ ਸਬਜ਼ੀ ਮੰਡੀ |
| ੧੮ ਸਤੰਬਰ ਸਵੇਰੇ ੫ ਤੋਂ ੧੧ | ਆਸਾ ਦੀ ਵਾਰ | ਕੀਰਤਨ-ਅਸਥਾਨ ਪੰਡਾਲ ਵਿਖੇ |
| ਸ਼ਾਮ ੮ ਤੋਂ ੧੧ | ਸੋਦਰ ਦੀ ਚੌਕੀ | ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ |
| ੧੯ ਸਤੰਬਰ ਸਵੇਰੇ ੫॥ ਤੋਂ ੧੨ | ਭੋਗ ਸ੍ਰੀ ਅਖੰਡਪਾਠ ਤੇ ਕੀਰਤਨ | ਪੰਡਾਲ ਵਿਖੇ |
| ਸ਼ਾਮ ੪ ਵਜੇ | ਅੰਮ੍ਰਿਤ ਸਿੰਚਾਰ ਸਮਾਗਮ | ਕੀਰਤਨ-ਅਸਥਾਨ ਵਿਖੇ |
| ਰਾਤ ੮ ਵਜੇ | ਅਰੰਭ ਰੈਣ ਸਬਾਈ, | ਸਮਾਪਤੀ ੨੦ ਸਤੰਬਰ ਸਵੇਰੇ ੭-੩੦ ਪੰਡਾਲ ਵਿਖੇ। |

***ਕੀਰਤਨ ਅਸਥਾਨ ਅਤੇ ਪੰਡਾਲ***—ਜੱਸਾ ਸਿੰਘ ਰਾਮਗੜ੍ਹੀਆ ਹਾਲ, ਸਮਾਧ ਰੋਡ (ਨੇੜੇ ਅਖਾਂ ਦਾ ਹਸਪਤਾਲ, ਖਜੂਰੀ ਗੇਟ ਲਾਗੇ) ਜਲੰਧਰ ਵਲੋਂ ਆਉਣ ਵਾਲੇ ਸਜਣ ਹੰਸਲੀ ਪੁਲ ਤੇ ਉਤਰ ਜਾਣ।

*ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਜ਼ਿਲਾ ਗੁਰਦਾਸਪੁਰ*

## ਜਗਾਧਰੀ ਯਮੁਨਾ ਨਗਰ ਵਿਖੇ ਕੀਰਤਨ ਪ੍ਰੋਗਰਾਮ

ਮੈਸਰਜ਼ ਸਤਵੰਤ ਸਿੰਘ ਜਸਪਾਲ ਸਿੰਘ, ਰੇਲਵੇ ਫਾਟਕ ਯਮੁਨਾ ਨਗਰ ਇਤਲਾਹ ਦੇਂਦੇ ਹਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਯਮੁਨਾ ਨਗਰ ਵਿਖੇ ਕੀਰਤਨ ਸਮਾਗਮ ਹੋ ਰਹੇ ਹਨ। ਅਖੰਡ ਕੀਰਤਨੀ ਜੱਥੇ ਦੇ ਉਘੇ ਰਤਨ ਪੁਜ ਕੇ ਰਸ-ਭਿੰਨੜੇ ਕੀਰਤਨ ਦੁਆਰਾ ਨਿਹਾਲ ਕਰਨਗੇ। ਸਮੂਹ ਗੁਰੂ ਪਿਆਰੇ ਹੁਮ ਹੁਮਾ ਕੇ ਪੁਜੋ ਅਤੇ ਕੀਰਤਨ ਦੇ ਲਾਹੇ ਪ੍ਰਾਪਤ ਕਰੋ।

੨੩ ਸਤੰਬਰ ਸ਼ੁਕਰਵਾਰ ਸ਼ਾਮ ੭ ਤੋਂ ੧੦-੩੦ ਤਕ ਸੋਦਰ ਤੇ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਿਖੇ ਹੋਣਗੇ। ੨੪ ਸਵੇਰ ੫-੩੦ ਤੋਂ ਦੁਪਹਿਰ ਤਕ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਕਾਲੋਨੀ ਯਮੁਨਾ ਨਗਰ ਵਿਖੇ ਅਤੇ ੨੪ ਰਾਤ ਨੂੰ ੭-੩੦ ਰੈਣ ਸਬਾਈ ਕੀਰਤਨ ਗੁਰਦੁਆਰਾ ਸੰਤਪੁਰਾ ਯਮੁਨਾ ਨਗਰ ਵਿਖੇ ਹੋਵੇਗਾ। ਸੰਗਤਾਂ ਦਾ ਉਤਾਰਾ ਗੁਰਦਵਾਰਾ ਸੰਤਪੁਰਾ ਵਿਖੇ ਹੋਵੇਗਾ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਯਮੁਨਾ ਨਗਰ, ਜਗਾਧਰੀ

## ਸੁਲਤਾਨਪੁਰ ਲੋਧੀ ਵਿਖੇ ਕੀਰਤਨ ਸਮਾਗਮ

ਸ. ਪ੍ਰਭਦਿਆਲ ਸਿੰਘ ਜੀ ਗੌ: ਹਾ: ਸਕੂਲ, ਸੁਲਤਾਨਪੁਰ ਲੋਧੀ ਇਤਲਾਹ ਦਿੰਦੇ ਹਨ ਕਿ ਭਾ. ਸਾ: ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਗੁ: ਬੇਬੇ ਨਾਨਕੀ ਸਤਸੰਗ (ਨੇੜੇ ਗੁਰਦਵਾਰਾ ਸ੍ਰੀ ਹੱਟ ਸਾਹਿਬ) ਵਿਖੇ ੨੯ ਤੇ ੩੦ ਸਤੰਬਰ ਨੂੰ ਅਖੰਡ ਕੀਰਤਨ ਹੋ ਰਹੇ ਹਨ ਅਤੇ ਇਕ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਗੁਰਸਿਖ ਸੰਗਤਾਂ ਗੁਰੂ ਚਰਨਾਂ ਵਿਚ ਪੁਜ ਕੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਜੀ। ਦਾਸਰੇ — ਅਖੰਡ ਕੀਰਤਨੀ ਜੱਥਾ, ਸੁਲਤਾਨਪੁਰ ਲੋਧੀ

*ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।*

www.AKJ.Org